ਜਪੁ ਜੀ ਸਾਹਿਬ

ਸਰਲ ਸਟੀਕ



ਭਾਈ ਜੋਗਿੰਦਰ ਸਿੰਘ ਤਲਵਾੜਾ

www.sikhbookclub.com

ੴ ਸਤਿਗੁਰਪ੍ਰਸਾਦਿ ॥

ਜਪੁਜੀ ਸਾਹਿਬ

ਸਰਲ ਸਟੀਕ

ਟੀਕਾਕਾਰ :
ਭਾਈ ਜੋਗਿੰਦਰ ਸਿੰਘ ਤਲਵਾੜਾ

SIKHBOOKCLUB.COM

ਸਿੰਘ ਬ੍ਰਦਰਜ਼
ਅੰਮ੍ਰਿਤਸਰ

www.sikhbookclub.com

ISBN 81-7205-203-0

ਪਹਿਲੀ ਵਾਰ ਜਨਵਰੀ 1998
ਦੂਜੀ ਵਾਰ ਮਾਰਚ 2005

ਮੁੱਲ : 20-00 ਰੁਪਏ

SIKHBOOKCLUB.COM

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

'ਜਪੁ' ਦੇ ਨਿਤ-ਨੇਮੀ

ਗੁਰਸਿੱਖਾਂ ਨੂੰ

ਜੋ

'ਜਪੁ' ਨੂੰ ਵਸੀਲਾ ਬਣਾ ਕੇ 'ਸਚਿਆਰ' ਹੋ ਨਿਬੜੇ

ਅਤੇ

ਸਚ-ਖੰਡ ਦੇ ਵਾਸੀ ਹੋ ਕੇ

ਹੋਰਨਾਂ ਦੇ ਛੁਟਕਾਰੇ ਦਾ ਵਸੀਲਾ ਬਣੇ !

SIKHBOOKCLUB.COM

ਦੋ ਸ਼ਬਦ

ਗੁਰੂ-ਮਿਹਰ ਸਦਕਾ 'ਨਿਤ-ਨੇਮ ਸਰਲ ਸਟੀਕ' ਪੋਥੀ ਸੰਪੂਰਨ ਹੋ ਕੇ ਨਿਤ-ਨੇਮੀ ਗੁਰਸਿੱਖਾਂ ਪਾਸ ਪੁੱਜੀ। ਕਈ ਵੀਰਾਂ ਵਲੋਂ ਸੁਝਾਅ ਪ੍ਰਾਪਤ ਹੋਇਆ ਕਿ ਇਕੱਲੇ ਸ੍ਰੀ 'ਜਪੁ' ਜੀ ਸਾਹਿਬ ਦਾ ਵੱਖਰਾ ਟੀਕਾ ਛਾਪਿਆ ਜਾਵੇ, ਤਾਂ ਜੁ ਇਸ ਨੂੰ ਬਾਲ-ਪੀੜ੍ਹੀ ਤਕ ਪਹੁੰਚਾ ਕੇ ਬੱਚਿਆਂ ਨੂੰ ਇਸ ਅਮੋਲ ਵਿਰਸੇ ਤੋਂ ਲਾਹੇਵੰਦ ਹੋਣ ਲਈ ਪ੍ਰੇਰਿਆ ਜਾ ਸਕੇ। ਹੁਕਮ ਦੀ ਪਾਲਨਾ ਕਰਦਿਆਂ ਵੱਖਰਾ ਟੀਕਾ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਟੀਕੇ ਦੇ ਅਰੰਭ ਵਿਚ ਇਸ ਪਾਵਨ ਬਾਣੀ ਦਾ ਪਉੜੀ-ਵਾਰ ਸਮੁੱਚਾ ਭਾਵ ਸ਼ਾਮਲ ਕੀਤਾ ਜਾ ਰਿਹਾ ਹੈ।

ਸੰਗਤਾਂ ਦੀ ਅਸੀਸ ਦਾ ਜਾਚਿਕ,

ਜੋਗਿੰਦਰ ਸਿੰਘ ਤਲਵਾੜਾ

ਅੰਮ੍ਰਿਤਸਰ
੯ ਦਸੰਬਰ, ੧੯੯੭

SIKHBOOKCLUB.COM

❀❀

ਤਤਕਰਾ

ਸ੍ਰੀ ਜਪੁ ਜੀ ਦਾ ਸਮੁੱਚਾ ਭਾਵ	੫
ਵਿਆਕਰਣਿਕ ਸ਼ਬਦਾਵਲੀ ਦੀ ਵਿਆਖਿਆ	੨੧
ਜਪੁ ਜੀ ਸਾਹਿਬ ਸਰਲ ਸਟੀਕ	੨੫

ਸ੍ਰੀ ਜਪੁ ਜੀ ਸਾਹਿਬ ਦਾ ਸਮੁੱਚਾ ਭਾਵ

'ਜਪੁ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਕ ਬਾਣੀ ਹੈ। ਇਸ ਨਾਲ 'ਜੀ' ਅਤੇ 'ਸਾਹਿਬ' ਦੋ ਆਦਰ-ਵਾਚੀ ਪਦਾਂ ਦੀ ਵਰਤੋਂ ਹੋਣ ਕਾਰਨ ਇਸ ਬਾਣੀ ਦਾ ਨਾਮ 'ਜਪੁ ਜੀ ਸਾਹਿਬ' ਪ੍ਰਚਲਤ ਹੋ ਗਿਆ ਹੈ। ਬਾਣੀ ਦੇ ਅਰੰਭ ਵਿਚ ਅਤੇ ਅੰਤ ਵਿਚ ਇਕ ਇਕ 'ਸਲੋਕ' ਹੈ ਅਤੇ ਵਿਚਕਾਰ ੩੮ ਪਉੜੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰੰਭਕ ਮੰਗਲ (ਮੂਲ-ਮੰਤ੍ਰ) "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" 'ਜਪੁ' ਬਾਣੀ ਤੋਂ ਭਾਵੇਂ ਵੱਖਰਾ ਹੈ, ਪਰ ਅਮਲੀ ਤੌਰ 'ਤੇ ਇਸ ਬਾਣੀ ਦਾ ਅਨਿਖੜਵਾਂ ਭਾਗ ਬਣ ਗਿਆ ਹੈ। ਇਹ ਮੂਲ-ਮੰਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੨ ਹੋਰਨਾਂ ਥਾਵਾਂ 'ਤੇ ਰਾਗਾਂ ਅਤੇ ਰਾਗ-ਮੁਕਤ ਬਾਣੀਆਂ ਦੇ ਅਰੰਭਕ ਮੰਗਲਾ-ਚਰਣ ਵਾਂਗ 'ਜਪੁ' ਬਾਣੀ ਦਾ ਵੀ ਮੰਗਲਾ-ਚਰਣ ਮੰਨਿਆ ਜਾਂਦਾ ਹੈ।

'ਜਪੁ' ਬਾਣੀ ਦੇ ਸਿਰਲੇਖ ਵਿਚ ਇਸ ਦੇ ਰਚਨਹਾਰ ਮਹਲੇ ਬਾਰੇ ਕੋਈ ਸੰਕੇਤ ਨਹੀਂ, ਪਰ ਰਵਾਇਤ ਅਨੁਸਾਰ ਇਹ 'ਮਹਲਾ ੧' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਮੰਨੀ ਜਾਂਦੀ ਹੈ।

'ਜਪੁ' ਬਾਣੀ ਅੰਮ੍ਰਿਤ ਤਿਆਰ ਕੀਤੇ ਜਾਣ ਸਮੇਂ ਪੜ੍ਹੇ ਜਾਣ ਵਾਲੀਆਂ ਪੰਜ ਬਾਣੀਆਂ ਵਿਚੋਂ ਅਰੰਭਕ ਬਾਣੀ ਹੈ ਅਤੇ ਖ਼ਾਲਸਾ ਜੀ ਦੇ ਅੰਮ੍ਰਿਤ ਵੇਲੇ ਦੇ ਨਿਤ-ਨੇਮ ਵਿਚ ਸ਼ਾਮਲ ਹੈ।

ਸਿਖ-ਜਗਤ ਵਿਚ ਪ੍ਰਚਲਤ ਇਕ ਰਵਾਇਤੀ ਮਨੌਤ ਅਨੁਸਾਰ ਸ੍ਰੀ 'ਜਪੁ' ਜੀ ਸਾਹਿਬ 'ਮੂਲ-ਮੰਤ੍ਰ' ਦੀ ਵਿਆਖਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਸ੍ਰੀ 'ਜਪੁ' ਜੀ ਸਾਹਿਬ ਦੀ ਵਿਆਖਿਆ ਹੈ। ਇਸ ਬਾਣੀ ਵਿਚ ਗੁਰਮਤਿ ਦੇ ਲਗ-ਪਗ ਸਾਰੇ ਸਿਧਾਂਤ ਸੂਤ੍ਰ ਰੂਪ ਵਿਚ ਨਿਰੂਪਣ ਕੀਤੇ ਹੋਏ ਹਨ।

ਸਮੱਗਰ ਗੁਰਬਾਣੀ ਵਾਂਗ ਇਸ ਬਾਣੀ ਦਾ ਮੂਲ-ਵਿਸ਼ਾ ਵੀ ਆਤਮ-ਪਰਮਾਤਮ ਦੇ ਮਿਲਾਪ ਦੀ ਰਹੱਸ-ਮਈ ਗਾਥਾ ਹੀ ਹੈ। ਮੂਲ-ਮੰਤ੍ਰ ਵਿਚ

ਵਿਆਪਕ ਬ੍ਰਹਮ ਦੇ ਸ਼ਬਦੀ-ਚਿਤ੍ਰ ਦੁਆਰਾ ਉਸ ਪਰਮ-ਚੇਤਨਾ ਦਾ ਸਰੂਪ (ਸਚੁ) ਨਿਰੂਪਣ ਕੀਤਾ ਹੋਇਆ ਹੈ ਅਤੇ ਉਸ ਦੇ ਮੂਲ-ਗੁਣ ਦਰਸਾ ਕੇ ਉਸ ਦੀ ਗਿਆਨ-ਪ੍ਰਾਪਤੀ ਅਤੇ ਮਿਲਾਪ ਦੇ ਬਸੀਠ (ਗੁਰੂ) ਅਤੇ ਮਿਲਾਪ ਦੇ ਸਾਧਨ (ਪ੍ਰਸਾਦ) ਵਲ ਸੰਕੇਤ ਕੀਤਾ ਹੋਇਆ ਹੈ।

ਮੂਲ-ਮੰਤ੍ਰ ਦੁਆਰਾ ਵਿਆਪਕ-ਬ੍ਰਹਮ ਦੇ ਸਰੂਪ (ਸਚੁ) ਦੀ ਲਖਤਾ ਕਰਾਉਣ ਮਗਰੋਂ ਜਗਿਆਸੂ ਅੰਦਰ ਇਸ "ਪਰਾ-ਪੂਰਬਲਾ ਸਰੂਪ" ਦੀ ਦ੍ਰਿੜ੍ਹਤਾ ਕਰਾਉਣ ਲਈ ਅਰੰਭਕ ਸਲੋਕ ਵਿਚ ਇਸ ਨੂੰ ਤ੍ਰੈ-ਕਾਲ 'ਸਚੁ' ਦਰਸਾਉਣ ਤੋਂ ਇਲਾਵਾ ਕਾਲ-ਰਚਨਾ ਤੋਂ ਵੀ ਪਹਿਲੋਂ ਦਾ 'ਆਦਿ ਸਚੁ' ਕਰ ਕੇ ਵਰਣਾਇਆ ਹੋਇਆ ਹੈ।

ਪਉੜੀ ੧

ਪਹਿਲੀ ਪਉੜੀ ਵਿਚ ਵਿਆਪਕ-ਬ੍ਰਹਮ ਦੇ ਮਿਲਾਪ ਲਈ ਪ੍ਰਚਲਤ ਕਰਮ-ਕਾਂਡੀ ਸਾਧਨਾ; ਬਾਹਰਲੀ ਸੁਚ ਕਰਨੀ, ਮੌਨ ਧਾਰਨੀ, ਨਿਰ-ਅਹਾਰ ਰਹਿਣਾ, ਆਦਿ ਦਾ ਵਰਣਨ ਕਰ ਕੇ ਉਹਨਾਂ ਦੀ ਨਿਸਫਲਤਾ ਦ੍ਰਿੜ੍ਹ ਕਰਾਈ ਹੋਈ ਹੈ। ਫਿਰ ਸੁਆਲ ਕੀਤਾ ਹੋਇਆ ਹੈ: "ਸਚ ਵਿਚ ਸਮਾਉਣ ਲਈ 'ਸਚਿਆਰ' ਕਿਵੇਂ ਹੋਵੀਏ ? ਆਤਮ-ਪਰਮਾਤਮ ਦੇ ਵਿਚਕਾਰ ਹਉਮੈ ਅਧੀਨ ਉਸਰਿਆ ਕੂੜ ਦਾ ਪੜਦਾ ਕਿਵੇਂ ਟੁਟੇ ?" ਅਤੇ ਨਾਲ ਹੀ ਜਵਾਬ ਦਿਤਾ ਹੋਇਆ ਹੈ: "ਜੀਵਨ-ਪ੍ਰਯੰਤ ਉਸ ਰਜ਼ਾਅ ਦੇ ਮਾਲਕ ਦੇ 'ਹੁਕਮ' ਵਿਚ ਵਿਚਰਨ ਨਾਲ, ਜੋ ਜੀਵ ਦੇ ਨਾਲ ਹੀ ਉਸ ਦੇ ਕਰਮ-ਲੇਖ ਵਿਚ ਧੁਰ-ਦਰਗਾਹੋਂ ਲਿਖਿਆ ਆਉਂਦਾ ਹੈ, ਜੀਵ 'ਸਚਿਆਰ' ਹੋ ਸਕਦਾ ਹੈ।" ਇਕ ਗੰਭੀਰ ਦਾਰਸ਼ਨਿਕ ਨੁਕਤੇ ਨੂੰ ਸੁਖੈਨ ਤਰੀਕੇ ਨਾਲ ਸਮਝ-ਗੋਚਰੇ ਕਰਨ ਲਈ ਸਵਾਲ ਜਵਾਬ ਦਾ ਇਹ ਇਕ ਵਿਸ਼ੇਸ਼ ਢੰਗ ਵਰਤਿਆ ਗਿਆ ਹੈ।

ਪਉੜੀ ੨

ਇਸ ਪਉੜੀ ਵਿਚ 'ਹੁਕਮ' ਦੀ ਸੰਖੇਪ ਜਿਹੀ ਭਾਵ-ਪੂਰਤ ਵਿਆਖਿਆ ਕੀਤੀ ਹੋਈ ਹੈ। ਸਾਰੀ ਦ੍ਰਿਸ਼ਟ-ਅਦ੍ਰਿਸ਼ਟ ਰਚਨਾ ਹੁਕਮੀ ਦੇ ਹੁਕਮ ਅਧੀਨ ਰੂਪਮਾਨ ਹੋਈ ਹੈ ਅਤੇ ਇਸ ਵਚਿਤ੍ਰ ਰਚਨਾ ਦੀ ਸਮੁੱਚੀ ਪਰਕ੍ਰਿਆ ਹੁਕਮ ਅਧੀਨ ਹੀ ਚਲ ਰਹੀ ਹੈ। ਹੁਕਮ ਸਭਨਾਂ ਜੀਵ-ਜੰਤੂਆਂ ਉਤੇ ਇਕ-ਸਾਰ ਲਾਗੂ ਹੈ, ਕੋਈ ਵੱਡਾ-ਛੋਟਾ ਇਸ ਹੁਕਮ ਦੇ ਘੇਰੇ ਤੋਂ ਬਾਹਰ ਨਹੀਂ। ਹੁਕਮ ਦੀ ਸੋਝੀ ਓਨੀ ਦੇਰ ਤਕ ਆ ਸਕਣੀ ਸੰਭਵ ਨਹੀਂ, ਜਿੰਨੀ ਦੇਰ ਤਕ ਜੀਵ 'ਹਉਮੈ' ਵਿਚ ਗ੍ਰਸਤ

ਹੈ। ਵਾਸਤਵ ਵਿਚ ਹੁਕਮ-ਪਛਾਣ ਅਵਸਥਾ ਦੀ ਪਰਖ-ਵੱਟੀ ਹੀ ਇਹ ਹੈ ਕਿ ਮਨੁੱਖ ਹਉਂ-ਹਉਂ, ਮੈਂ-ਮੈਂ ਕਰਨ ਦੀ ਕੁ-ਵਾਦੀ ਤੋਂ ਬਾਜ਼ ਆ ਜਾਵੇ। 'ਹੁਕਮ' ਤੋਂ ਭਾਵ ਹੈ 'ਰੱਬੀ-ਰਜ਼ਾਅ' ਅਤੇ 'ਹਉਮੈ' ਤੋਂ ਭਾਵ ਹੈ 'ਮੇਰੀ ਮਰਜ਼ੀ'। ਇਹ ਦੋਵੇਂ ਪਰਸਪਰ ਵਿਰੋਧੀ ਸੰਕਲਪ ਹਨ। ਹੁਕਮ ਬੁਝ ਲੈਣ ਨਾਲ ਹਉਮੈ ਮਿਟ ਜਾਂਦੀ ਹੈ।

ਪਉੜੀ ੩-੪

ਇਹਨਾਂ ਪਉੜੀਆਂ ਵਿਚ ਹਉਮੈ ਦਾ ਅਭਾਵ ਕਰਨ ਅਤੇ ਹੁਕਮ ਦੀ ਸੋਝੀ ਪ੍ਰਾਪਤ ਕਰਨ ਦੇ ਸਾਧਨ ਦਾ ਵਰਣਨ ਹੈ ਤੇ ਉਹ ਹੈ ਵਿਆਪਕ ਬ੍ਰਹਮ ਦਾ ਗੁਣਾਨਵਾਦ ਕਰਨਾ। ਵਿਆਪਕ-ਬ੍ਰਹਮ ਅਨੰਤ ਗੁਣਾਂ ਦਾ ਸੁਆਮੀ ਹੈ, ਇਸ ਲਈ ਉਸ ਦਾ ਗੁਣਾਨਵਾਦ ਵੀ ਅਸੁੱਕ ਹੈ। ਜੀਵ ਵੱਖ ਵੱਖ ਦ੍ਰਿਸ਼ਟੀ-ਕੋਣ ਤੋਂ ਅਤੇ ਵੱਖ ਵੱਖ ਭਾਵਨਾ ਅਧੀਨ ਉਸ ਦਾ ਗੁਣਾਨਵਾਦ ਕਰਦੇ ਹਨ ਅਤੇ ਇਸ ਵਜੋਂ ਉਸ ਦਾਤਾਰ-ਪ੍ਰਭੂ ਤੋਂ ਮਨ-ਬਾਂਛਤ ਦਾਤਾਂ ਪ੍ਰਾਪਤ ਕਰਦੇ ਹਨ। ਪਰ ਸਭ ਤੋਂ ਸਰਬੋਤਮ ਦਾਤਿ ਹੈ ਉਸ ਦੇ ਨੂਰੀ ਦਰਬਾਰ ਦੇ ਦਰਸ਼ਨ ਅਤੇ ਉਸ ਦੇ ਪਿਆਰ ਦੀ ਪ੍ਰਾਪਤੀ। ਗੂੜ੍ਹ ਭਾਵ ਨੂੰ ਸੁਖੈਨ ਤਰੀਕੇ ਨਾਲ ਸਮਝ-ਗੋਚਰੇ ਕਰਨ ਲਈ ਸੁਆਲ ਕੀਤਾ ਗਿਆ ਹੈ : "ਫਿਰ ਕੀ ਜੀਵਨ-ਲਕਸ਼ ਸਨਮੁਖ ਰਖਿਆ ਜਾਏ, ਜਿਸ ਸਦਕਾ ਜੀਵਨ ਪ੍ਰਯੰਤ ਸੱਚੇ ਸਾਹਿਬ ਦੇ ਦਰਬਾਰ ਦਾ ਦਰਸ਼ਨ ਹੁੰਦਾ ਰਵੇ ? ਮੂੰਹ ਤੋਂ ਕੀ ਬੋਲ ਬੋਲੀਏ, ਜਿਸ ਨੂੰ ਸੁਣ ਕੇ ਸੱਚਾ ਸਾਹਿਬ ਸਾਨੂੰ ਪਿਆਰ ਕਰੇ ?" ਨਾਲ ਹੀ ਇਹਨਾਂ ਪ੍ਰਸ਼ਨਾਂ ਦਾ ਉੱਤਰ ਦਿਤਾ ਹੋਇਆ ਹੈ : "ਅੰਮ੍ਰਿਤ ਵੇਲੇ ਦੀ ਨਿਰੰਤਰ ਸੰਭਾਲ ਕਰਨੀ ਜੀਵਨ-ਲਕਸ਼ ਬਣਾਈਏ ਅਤੇ ਉਸ ਦਾ ਸਦਾ-ਥਿਰ ਕਰ ਦੇਣ ਵਾਲਾ ਨਾਮ ਜਪ ਕੇ ਪ੍ਰੇਮ-ਪ੍ਰਤੀਤ ਦੁਆਰਾ ਉਸ ਦੀ ਮਹਿਮਾ ਗਾਉਣ ਦੀ ਭੇਟਾ ਅਰਪਨ ਕਰੀਏ, ਤਾਂ ਪ੍ਰਭੂ-ਦਰਸ਼ਨ ਅਤੇ ਪ੍ਰਭ-ਪਿਆਰ ਦੇ ਪਾਤਰ ਅਵੱਸ਼ ਹੀ ਬਣ ਸਕੀਦਾ ਹੈ।"

ਪਉੜੀ ੫

ਵਿਆਪਕ-ਬ੍ਰਹਮ ਜੋਤੀ ਸਰੂਪ ਹੈ, ਨਿਰਾ ਨੂਰ ਹੈ। ਉਸ ਨੂਰ ਤੋਂ ਸਾਰੀ ਪ੍ਰਕਿਰਤੀ ਹੋਂਦ ਵਿਚ ਆਈ ਹੈ, ਪਰ ਉਹ ਆਪ ਸੁਤੇ-ਪ੍ਰਕਾਸ਼ ਹੈ। ਕੋਈ ਪੰਜ-ਭੂਤਕੀ ਅਕਾਰ (ਮੂਰਤੀ) ਬਣਾ ਕੇ ਉਸ ਨੂੰ ਨਿਰੰਕਾਰ ਦਾ ਸਰੂਪ ਆਕਾਰ ਮਿਥ ਲੈਣਾ ਅਤੇ ਉਸ ਦੀ ਪੂਜਾ-ਅਰਚਾ ਕਰਨੀ ਕੋਰੀ ਅਗਿਆਨਤਾ ਹੈ। ਵਿਆਪਕ-ਬ੍ਰਹਮ ਦੀ ਪੂਜਾ ਦਾ ਇਕੋ ਇਕ ਸਾਧਨ ਪੂਰਨ ਸ਼ਰਧਾ ਅਤੇ ਪ੍ਰੇਮ

ਨਾਲ ਉਸ ਗੁਣੀ-ਨਿਧਾਨ ਦੀ ਮਹਿਮਾ ਦਾ ਗਾਇਨ ਕਰਨਾ ਅਥਵਾ ਸ੍ਰਵਣ ਕਰਨਾ ਹੈ।

ਇਹ ਸਫਲ ਸਾਧਨ ਜੀਵ ਦਾ ਦੁਖਾਂ ਤੋਂ ਛੁਟਕਾਰਾ ਕਰਾ ਕੇ, ਉਸ ਨੂੰ ਆਤਮ-ਸੁਖ ਪ੍ਰਦਾਨ ਕਰਦਾ ਹੈ ਅਤੇ ਨਿਜ-ਘਰ ਦਾ ਵਾਸਾ ਬਖ਼ਸ਼ਦਾ ਹੈ।

ਅੰਤਰ-ਆਤਮੈ ਵਿਆਪਕ-ਬ੍ਰਹਮ ਨਾਲ ਅਭੇਦ ਹੋਣ ਦੇ ਨਾਤੇ 'ਗੁਰੂ' ਦੇਵਾਂ-ਸਿਰ-ਦੇਵ ਹੈ ਅਤੇ ਗੁਰੂ ਦਾ ਸ਼ਬਦ ਸਾਰੇ ਗਿਆਨਾਂ-ਸਿਰ-ਗਿਆਨ, 'ਪਰਮ-ਗਿਆਨ' ਹੈ। ਗੁਰ-ਸ਼ਬਦ ਦਾ ਧਿਆਨ ਧਰਨ ਵਾਲੇ ਨੂੰ ਗਿਆਨ-ਪ੍ਰਾਪਤੀ ਲਈ ਕਿਸੇ ਦੇਵੀ-ਦੇਵਤੇ ਜਾਂ ਕਿਸੇ ਨਾਦ-ਵੇਦ ਦੀ ਕੋਈ ਮੁਥਾਜੀ ਨਹੀਂ ਰਹਿੰਦੀ।

ਪਉੜੀ ੬

ਆਤਮ-ਤਲ 'ਤੇ ਵਿਆਪਕ-ਬ੍ਰਹਮ ਨਾਲ ਅਭੇਦ ਸਤਿਗੁਰੂ ਦੀ ਨਾਮ-ਸਿਖਿਆ ਸੁਣਨ ਸਦਕਾ ਜੀਵ ਦੀ ਮਤਿ ਗਿਆਨ-ਪ੍ਰਕਾਸ਼ ਨਾਲ ਜਗਮਗਾ ਉਠਦੀ ਹੈ। ਇਸ ਵਿਚ ਰਤਨਾਂ, ਜਵਾਹਰਾਂ, ਮਾਣਕਾਂ ਸਾਰਖੇ ਰੱਬੀ-ਗੁਣ ਪ੍ਰਵੇਸ਼ ਹੋ ਜਾਂਦੇ ਹਨ ਅਤੇ ਅੰਦਰਲਾ ਨਿਰਮਲ ਅਤੇ ਪਵਿਤਰ ਹੋ ਜਾਂਦਾ ਹੈ। ਇੰਜ ਜੀਵ ਦਾ ਮਾਨੋ ਆਤਮ-ਇਸ਼ਨਾਨ ਹੋ ਜਾਂਦਾ ਹੈ। ਬਾਹਰਲੇ ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਆਤਮਾ ਨਿਰਮਲ ਨਹੀਂ ਹੋ ਸਕਦਾ ਅਤੇ ਆਤਮ-ਨਿਰਮਲਤਾ ਤੋਂ ਬਗ਼ੈਰ ਪ੍ਰਭੂ ਦੀ ਨਦਰਿ ਵਿਚ ਕਬੂਲ ਹੋ ਸਕਣਾ ਸੰਭਵ ਨਹੀਂ। ਆਤਮ-ਨਿਰਮਲਤਾ ਦਾ ਸਾਧਨ ਨਾਮ-ਸਿਮਰਨ ਹੈ, ਜਿਸ ਦੀ ਜਾਚਨਾ ਗੁਰੂ ਤੋਂ ਖਿਨ ਖਿਨ ਕਰਨੀ ਬਣਦੀ ਹੈ।

ਪਉੜੀ ੭

ਕਿਸੇ ਮਨੁੱਖ ਨੂੰ ਚਹੁੰ ਜੁਗਾਂ ਜਿੰਨੀ ਕੀ, ਚਾਲੀ ਜੁਗਾਂ ਜਿੱਡੀ ਪ੍ਰਸੰਨ ਲੰਮੀ ਉਮਰ ਅਤੇ ਜਗਤ-ਪ੍ਰਸਿੱਧੀ ਪ੍ਰਾਪਤ ਹੋ ਜਾਵੇ, ਰਿਧੀ ਸਿਧੀ ਅਥਵਾ ਮਾਇਕੀ ਐਸ਼੍ਵਰਜ ਕਾਰਨ ਸੰਸਾਰ ਉਤੇ ਚੰਗਾ ਨਾਮਣਾ ਵੀ ਪ੍ਰਾਪਤ ਹੋਵੇ, ਪਰ ਜੇ ਦਾਤਾਰ-ਪ੍ਰਭੂ ਦੀਆਂ ਇਹਨਾਂ ਅਮੋਲਕ ਦਾਤਾਂ ਵਿਚੋਂ ਅਜਿਹੇ ਤੇਜ-ਪ੍ਰਤਾਪੀ ਮਨੁੱਖ ਨੂੰ ਦਾਤਾਰ-ਪ੍ਰਭੂ ਨਜ਼ਰ ਨਹੀਂ ਆਉਂਦਾ ਤਾਂ ਉਹ ਅਕਿਰਤਘਣ ਹੈ, ਜਿਸ ਦੇ ਨੇੜੇ ਕੋਈ ਢੁਕਣਾ ਪਸੰਦ ਨਹੀਂ ਕਰਦਾ। ਕੋਈ ਮਨੁੱਖ ਖ਼ੁਦ ਕਿਸੇ ਕਿਸਮ ਦਾ ਦੋਸ਼ੀ ਹੁੰਦਾ ਹੋਇਆ ਵੀ ਅਜਿਹੇ ਨਾ-ਸ਼ੁਕਰੇ ਮਨੁੱਖ ਉਤੇ ਅਕਿਰਤਘਣਤਾ ਦਾ ਉੱਗਰ ਦੋਸ਼ ਥਪਦਾ ਹੈ, ਭਾਵ, ਅਜਿਹਾ ਅਕਿਰਤਘਣ ਮਨੁੱਖ ਮੰਦੀਂ ਹੂੰ ਮੰਦਾ

ਗਰਦਾਨਿਆ ਜਾਂਦਾ ਹੈ।

ਅਜਿਹੇ ਉੱਗਰ ਦੇਸ਼ ਦੇ ਅਧਿਕਾਰੀ ਨੂੰ ਗੁਣਵੰਤਾ ਕਰਨ ਦਾ ਸਮਰੱਥਾਵਾਨ ਕੇਵਲ ਤੇ ਕੇਵਲ ਵਾਹਿਗੁਰੂ ਹੀ ਹੈ, ਇਹ ਕਿਸੇ ਹੋਰ ਦੇ ਵਸ ਦੀ ਗੱਲ ਨਹੀਂ।

ਪਉੜੀ ੮-੧੧

ਇਹਨਾਂ ਚਹੁੰਆਂ ਪਉੜੀਆਂ ਵਿਚ ਸਤਿਗੁਰੂ ਦੀ ਨਾਮ-ਸਿਖਿਆ ਸ੍ਰਵਨ ਕਰਨ ਦੀ ਮਹਿਮਾ ਦਰਸਾਈ ਹੋਈ ਹੈ।

ਜਿਥੇ ਨਾਮ ਸੁਣਨ ਅਤੇ ਮੰਨਣ ਦੀ ਮਹਿਮਾ ਅਗਾਧ-ਬੋਧ ਹੈ, ਓਥੇ ਨਾਮ-ਸੁਣਨ ਦਾ ਰਹੱਸ ਵੀ ਅਗਾਧ-ਬੋਧ ਹੈ। ਅਰੰਭ ਵਿਚ ਗੁਰਸਿਖ ਜਗਿਆਸੂ ਨੇ ਗੁਰਮੱਤਿ ਦੀ ਦ੍ਰਿੜ੍ਹਾਈ ਜੁਗਤਿ (ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥—੭੩੦) ਅਨੁਸਾਰ ਨਾਮ-ਗੁਰਮੰਤ੍ਰ ਗੁਰੂ ਪਾਸੋਂ ਸੁਣਨਾ ਹੁੰਦਾ ਹੈ। ਜੇ ਜਗਿਆਸਾ ਤੀਬਰ ਹੋਵੇ ਤਾਂ ਗੁਰੂ-ਜੁਗਤਿ ਵਿਚ ਕੰਨਾਂ ਦੁਆਰਾ ਸੁਣਿਆ ਨਾਮ-ਗੁਰਮੰਤ੍ਰ ਜਗਿਆਸੂ ਦੇ ਰਗੋ-ਰੇਸ਼ੇ ਵਿਚ ਰਚ ਜਾਂਦਾ ਹੈ। ਉਪਰੰਤ ਨਾਮ-ਗੁਰ-ਮੰਤ੍ਰ ਦੀ ਅਤੁੱਟ ਘਾਲ-ਕਮਾਈ ਦੇ ਤੁਫ਼ੈਲ ਸਾਸ ਗ੍ਰਾਸ ਜਪਿਆ ਅਤੇ ਨਾਲੋ ਨਾਲ ਪੂਰਨ ਸਾਵਧਾਨਤਾ ਤੇ ਇਕਾਗ੍ਰਤਾ ਸਹਿਤ ਸ੍ਰਵਣਾਂ ਦੁਆਰਾ ਸੁਣਿਆ ਨਾਮ ਸਹਜੇ ਸਹਜੇ ਅਜਪਾ ਜਾਪ ਬਣ ਜਾਂਦਾ ਹੈ। ਫਿਰ ਸਰੀਰ ਦਾ ਹਰੇਕ ਰੋਮ ਰਸਨਾ ਬਣ ਜਾਂਦਾ ਹੈ ਅਤੇ ਰੋਮ ਰੋਮ ਵਿਚੋਂ ਉਠਦੀ ਨਾਮ ਦੀ ਬਿਸਮ-ਬਿਨੋਦੀ ਅਨਹਦ-ਧੁਨਿ ਸ੍ਰਵਣ-ਚੇਤਨਾ ਦੁਆਰਾ ਨਿਰੰਤਰ ਇਕ-ਰਸ ਸੁਣਾਈ ਦੇਂਦੀ ਰਹਿੰਦੀ ਹੈ ਅਤੇ ਇਸ ਦੀਆਂ ਅਨੰਦੀ-ਤਰੰਗਾਂ ਦੇ ਅਦਭੁਤ ਰਸ ਵਿਚ ਜਗਿਆਸੂ ਖੀਵਾ ਹੋਇਆ ਰਹਿੰਦਾ ਹੈ। ਇਹ 'ਗੁਪਤੀ ਬਾਣੀ ਪਰਗਟੁ ਹੋਇ' ॥—੯੪੪ ਦੀ ਰਹੱਸ-ਮਈ ਦਸ਼ਾ ਹੈ; ਜਿਸ 'ਤੇ ਵਾਪਰੇ, ਉਹੀ ਇਸ ਦੇ ਅਨੰਦ ਨੂੰ ਜਾਣਦਾ ਹੈ :

- **ਮਾਈ ਰੀ ਪੇਖਿ ਰਹੀ ਬਿਸਮਾਦ ॥**
  ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥੧॥ਰਹਾਉ, ੧੧੭॥
  (੧੨੨੬)

- **ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜੁ ਨਾਮੁ ਸੁਨਿਓ ਰੀ ॥੩, ੫੧॥** *(੩੮੪)*

ਰਿਧੀਆਂ ਸਿਧੀਆਂ ਅਤੇ ਨਿਧੀਆਂ ਨਾਮ-ਸਿਖਿਆ ਸ੍ਰਵਨ ਕਰਨ ਵਾਲੇ ਵਡਭਾਗੇ ਸਤ-ਪੁਰਖਾਂ ਦੀ ਸੇਵਾ ਕਮਾਉਣ ਲਈ ਉਹਨਾਂ ਦੀ ਪ੍ਰਕਰਮਾ ਕਰਦੀਆਂ ਰਹਿੰਦੀਆਂ ਹਨ, ਪਰ ਉਹ ਇਹਨਾਂ ਸ਼ਕਤੀਆਂ ਦੇ ਸੁਆਮੀ ਹੋਣ ਦੇ ਬਾਵਜੂਦ ਨਿਰਲੇਪ ਅਤੇ ਹੰਗਤਾ-ਰਹਿਤ ਰਹਿੰਦੇ ਹਨ। ਨਾਮ-ਪ੍ਰਗਾਸ ਸਦਕਾ ਉਹ

ਪਾਰ-ਦਰਸੀ ਹੋ ਜਾਂਦੇ ਹਨ, ਅਥਵਾ, ਉਹਨਾਂ ਨੂੰ ਤਿੰਨਾਂ ਭਵਨਾਂ ਦੀ ਸੋਝੀ ਹੋ ਜਾਂਦੀ ਹੈ। ਦੈਵੀ-ਸੋਝੀ ਹੋਣ 'ਤੇ ਉਹਨਾਂ ਨੂੰ ਸ਼ਾਸਤ੍ਰ ਸਿੰਮ੍ਰਿਤੀਆਂ ਵੇਦਾਂ ਦੀ ਮੁਥਾਜੀ ਨਹੀਂ ਰਹਿੰਦੀ। ਸਤ, ਸੰਤੋਖ ਗਿਆਨ ਆਦਿ ਰੱਬੀ-ਗੁਣਾਂ ਦੀ ਬਖ਼ਸ਼ਸ਼ ਸਦਕਾ ਉਹ ਖ਼ੁਦ ਸੁਗੰਧਤ ਹੋ ਕੇ ਆਲੇ ਦੁਆਲੇ ਨੂੰ ਨਿਰਮਲ ਅਤੇ ਸੁਗੰਧਤ ਕਰਦੇ ਰਹਿੰਦੇ ਹਨ। ਉਹ ਸਦਾ ਬ੍ਰਹਮ-ਧਿਆਨ ਵਿਚ ਨਿਮਗਨ ਰਹਿੰਦੇ ਹਨ। ਭਗਤੀ ਦੇ ਸਿਰ ਸਦਕੇ ਉਹਨਾਂ ਅੰਦਰ ਸਦਾ ਖੇੜਾ ਅਤੇ ਵਿਗਾਸ ਰਹਿੰਦਾ ਹੈ ਅਤੇ ਦੁਖਾਂ ਪਾਪਾਂ ਦਾ ਸੁਤੇ ਹੀ ਨਾਸ ਹੋ ਜਾਂਦਾ ਹੈ।

ਪਉੜੀ ੧੨-੧੫

ਇਹਨਾਂ ਚਹੁੰਆਂ ਪਉੜੀਆਂ ਵਿਚ ਸਤਿਗੁਰੂ ਦੀ ਨਾਮ-ਸਿਖਿਆ ਨੂੰ ਮੰਨਣ ਕਰਨ ਦਾ ਮਹੱਤਵ ਦਰਸਾਇਆ ਹੋਇਆ ਹੈ। ਨਾਮ-ਸਿਖਿਆ ਨੂੰ ਮੰਨਣ ਕਰਨ ਵਾਲੇ ਦੇ ਅੰਤਸ਼ਕਰਣ ਵਿਚ ਪ੍ਰਗਾਸ ਹੋ ਜਾਂਦਾ ਹੈ, ਜਿਸ ਦੇ ਫਲ-ਸਰੂਪ ਉਹ ਜਮ-ਪੰਥ ਅਤੇ ਜਮ-ਜਾਲ ਦੇ ਖ਼ਤਰੇ ਤੋਂ ਸੁਚੇਤ ਹੋ ਕੇ ਵਿਕਾਰਾਂ ਦੇ ਹੱਲਿਆਂ ਅਤੇ ਜਮ-ਦੂਤਾਂ ਦੇ ਧਕੇ-ਧੌੜਿਆਂ ਤੋਂ ਬਚ ਜਾਂਦਾ ਹੈ। ਧਰਮ ਨਾਲ ਸਾਂਝ ਪਾ ਕੇ ਉਹ ਗੁਰਮਤਿ ਦੇ ਅਚੱਲ ਗਾਡੀ-ਰਾਹ ਉਤੇ ਬਗ਼ੈਰ ਕਿਸੇ ਰੋਕ-ਟੋਕ ਦੇ ਚਲਦਾ ਹੋਇਆ ਪਤਿ-ਆਬਰੋ ਸਹਿਤ ਪ੍ਰਭੂ-ਦਰ ਉਤੇ ਜਾ ਕਬੂਲ ਪੈਂਦਾ ਹੈ। ਗੁਰੂ ਦੀ ਗੁਰੂ-ਸਰੂਪ ਸਿਖਿਆ ਨੂੰ ਮੰਨ ਕੇ ਕੇਵਲ ਆਪ ਹੀ ਨਹੀਂ, ਸਾਰੀ ਕੁਲ ਦਾ ਅਤੇ ਸੰਗੀ-ਸਾਥੀਆਂ ਦਾ ਵੀ ਉਧਾਰ ਕਰ ਲੈਂਦਾ ਹੈ। ਪ੍ਰਭੂ-ਦਰ ਦਾ ਜਾਚਿਕ ਬਣ ਕੇ ਉਹ ਦਰ ਦਰ ਦੀ ਮੁਥਾਜੀ ਤੋਂ ਬਚ ਜਾਂਦਾ ਹੈ। ਨਿਰੰਜਨ-ਨਾਮ ਦੀ ਬਰਕਤ ਨਾਲ ਉਹ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ।

ਪਉੜੀ ੧੬

ਨਾਮ-ਸਿਖਿਆ ਸੁਣਨ ਅਤੇ ਮੰਨਣ ਮਗਰੋਂ ਗੁਰੂ ਦੇ ਧਿਆਨੀ, ਧਰਮੱਗ ਪੁਰਸ਼, 'ਪੰਚ' ਦੀ ਉਪਾਧੀ ਨਾਲ ਭੂਸ਼ਤ ਹੋ ਕੇ ਅਤੇ ਪ੍ਰਭੂ-ਦਰ ਉਤੇ ਕਬੂਲ ਹੋ ਕੇ 'ਪ੍ਰਵਾਣ' ਅਤੇ 'ਪ੍ਰਧਾਨ' ਹੋ ਨਿਬੜਦੇ ਹਨ।

'ਦਇਆ' ਤੋਂ ਉਪਜਿਆ 'ਧਰਮ' ਹੀ ਹੈ, ਜਿਸ ਨੇ ਅਗੋਂ ਆਪਣੇ ਸਿਰਮੌਰ ਗੁਣ 'ਸੰਤੋਖ' ਨੂੰ ਸਥਾਪਿਤ ਕਰ ਕੇ ਵਿਸ਼ਵ-ਸੰਸਾਰ ਨੂੰ ਮਰਯਾਦਾ ਵਿਚ ਬੰਨ੍ਹ ਰਖਿਆ ਹੈ। ਜੋ ਮਨੁੱਖ ਧਰਮ ਦੇ ਧਰਣੀ-ਧਰ ਹੋਣ ਦੇ ਭੇਤ ਨੂੰ ਜਾਣ ਲਵੇ, ਉਹ ਸਚਿਆਰ ਹੋ ਨਿਬੜਦਾ ਹੈ। ਫਿਰ ਉਸ ਨੂੰ ਸੋਝੀ ਹੋ ਆਉਂਦੀ ਹੈ ਕਿ ਧਰਤੀ ਨੂੰ ਕਿਸੇ ਮਿਥਿਹਾਸਿਕ ਬਲਦ ਨੇ ਨਹੀਂ, ਸਗੋਂ ਧਰਮ ਨੇ ਹੀ ਥੰਮ੍ਹਿਆ ਹੋਇਆ

ਹੈ। ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਕਾਦਰ ਦੀ ਕੁਦਰਤਿ ਵਿਚ ਵਿਚਰਦੇ ਅਨੇਕ ਜੀਵ-ਜੰਤੂ ਪ੍ਰਭੂ-ਹੁਕਮ ਦੀ ਤਾਰ ਵਿਚ ਪ੍ਰੋਤੇ ਹੋਏ ਹਨ। ਇਹ ਸਾਰਾ ਬ੍ਰਹਮੰਡ-ਪਸਾਰਾ ਪ੍ਰਭੂ ਦੇ ਹੁਕਮ ਦੀ ਹੀ ਅਦਭੁਤ ਲੀਲ੍ਹਾ ਹੈ। ਨਾ ਕਾਦਰ ਦਾ ਅਤੇ ਨਾ ਹੀ ਉਸ ਦੀ ਕੁਦਰਤਿ ਦਾ ਬਿਆਨ ਕੀਤਾ ਜਾਣਾ ਸੰਭਵ ਹੈ। ਸੋ, ਜੀਵ ਨੂੰ ਹਰ ਹਾਲਤ ਸਦਾ-ਸਲਾਮਤਿ ਨਿਰੰਕਾਰ ਦੀ ਰਜ਼ਾਅ ਵਿਚ ਰਾਜ਼ੀ ਰਹਿਣਾ ਬਣਦਾ ਹੈ।

ਪਉੜੀ ੧੭-੧੮-੧੯

ਇਹਨਾਂ ਤਿੰਨਾਂ ਹੀ ਪਉੜੀਆਂ ਵਿਚ ਪ੍ਰਭੂ ਦੇ ਅਸੰਖ ਚੇਤਨਾ-ਪ੍ਰਵਾਹਾਂ ਦਾ ਵਰਣਨ ਹੈ। ਉਸ ਦੀ ਨਾਨਾ-ਪ੍ਰਕਾਰੀ ਕੁਦਰਤਿ ਵਿਚ ਇਕ ਪਾਸੇ ਅਨੇਕ ਜਪੀ, ਤਪੀ, ਪ੍ਰੇਮੀ, ਵੇਦ-ਪਾਠੀ, ਜੋਗੀ, ਭਗਤ, ਦਾਨੀ, ਸੂਰਮੇ ਅਤੇ ਮੋਨੀ ਲੋਕ ਹਨ, ਦੂਜੇ ਪਾਸੇ ਮਹਾ-ਮੂਰਖ, ਹਰਾਮ-ਖਾਣੇ, ਜ਼ਾਲਮ, ਗਲ-ਵਢ ਹਤਿਆਰੇ, ਕੂੜਿਆਰ, ਮਲ-ਭਖੀ ਮਲੇਛ ਅਤੇ ਨਿੰਦਕ ਹਨ। ਇਹ ਸਾਰੇ ਜੀਵ ਉਸ ਦੀ ਅਦਭੁਤ ਜਗਤ-ਖੇਡ ਦਾ ਹੀ ਅੰਗ ਹਨ।

ਇਹ ਸਾਰੇ ਉਸ ਦੇ ਆਪਣੇ ਬਣਾਏ ਹੋਏ ਹਨ, ਇਹਨਾਂ ਨੂੰ ਆਪਣੀ ਰੱਬੀ ਵਿਉਂਤ ਅਧੀਨ ਵੱਖ ਵੱਖ ਕਾਰ ਸਉਂਪੀ ਹੋਈ ਹੈ। ਆਪਣੇ ਆਪ ਵਿਚ ਨਾ ਕੋਈ ਚੰਗਾ ਹੈ ਨਾ ਮੰਦਾ। ਕਾਦਰ ਅਤੇ ਉਸ ਦੀ ਅਦਭੁਤ ਰਚਨਾ ਤੋਂ ਕੁਰਬਾਨ!

ਉਸ ਦੀ ਕੁਦਰਤਿ ਵਿਚ ਅਨੇਕਾਂ ਹੀ ਨਾਂਵ-ਥਾਂਵ ਹਨ, ਜਿਨ੍ਹਾਂ ਦਾ ਲੇਖਾ ਜੋਖਾ ਕਰ ਸਕਣਾ ਅਸੰਭਵ ਹੈ। ਜੇ ਕੋਈ ਮਨੁੱਖ ਆਪਣੀ ਹੂੜ-ਮਤਿ ਅਧੀਨ ਕਿਆਫ਼ੇ-ਕਿਆਸ ਲਾ ਕੇ ਕੋਈ ਗਿਣਤੀ ਮਿਣਤੀ ਕਰਦਾ ਹੈ ਤਾਂ ਇਹ ਉਸ ਦਾ ਹੋਛਾ-ਪਣ ਹੈ।

ਕਾਦਰ ਅਤੇ ਉਸ ਦੀ ਕੁਦਰਤਿ ਦਾ ਗਿਆਨ ਅੱਖਰਾਂ (ਵਿਗਿਆਨ) ਰਾਹੀਂ ਸਮਝਿਆ-ਸਮਝਾਇਆ ਜਾ ਸਕਦਾ ਹੈ। ਵਿਧਾਤਾ ਵਲੋਂ ਹਰੇਕ ਜੀਵ ਦੇ ਮੱਥੇ ਉੱਤੇ ਲਿਖੇ ਸੰਜੋਗ-ਲੇਖ ਦਾ ਵਰਣਨ ਵੀ ਪੰਡਤਾਂ ਅਤੇ ਜੋਤਸ਼ੀਆਂ ਵਲੋਂ ਅੱਖਰਾਂ ਦੁਆਰਾ ਹੀ ਕੀਤਾ ਜਾਂਦਾ ਹੈ। ਸੁਤੇ-ਪ੍ਰਕਾਸ਼ ਹੋਣ ਦੇ ਨਾਤੇ ਵਿਧਾਤਾ-ਪੁਰਖ ਕਿਸੇ ਸੰਜੋਗ-ਲੇਖ ਦੀ ਲਿਖਤ ਤੋਂ ਮੁਕਤ ਹੈ। ਨਾ ਕਾਦਰ ਦਾ ਕੋਈ ਅੰਤ ਹੈ, ਨਾ ਉਸ ਦੀ ਕੁਦਰਤਿ ਦਾ। ਅੰਤ ਲੈਣ ਦੇ ਬਖੇੜੇ ਨੂੰ ਛਡ ਕੇ ਉਸ ਦੀ ਰਜ਼ਾਅ ਵਿਚ ਰਾਜ਼ੀ ਰਹਿਣਾ ਹੀ ਬਣਦਾ ਹੈ।

ਪਉੜੀ ੨੦

ਜੀਵਨ-ਯਾਤਰਾ ਵਿਚ ਮਨੁੱਖ ਜੋ ਚੰਗੇ ਜਾਂ ਮੰਦੇ ਕਰਮ ਕਰਦਾ ਹੈ, ਉਹਨਾਂ ਦਾ ਫਲ ਉਸ ਨੂੰ ਅਵੱਸ਼ ਭੋਗਣਾ ਪੈਂਦਾ ਹੈ। ਇਹ ਅਟੱਲ ਨੇਮ ਹੈ, ਪਰ 'ਮਨੁੱਖੀ ਕਰਮ' ਪ੍ਰਬਲ ਹੋਣ ਦੇ ਬਾਵਜੂਦ ਆਪਣੇ ਆਪ ਵਿਚ ਸੁਤੰਤਰ ਨਹੀਂ। 'ਕਰਮਾਂ' ਉਪਰ 'ਰੱਬੀ ਹੁਕਮ' ਦਾ ਕੁੰਡਾ ਹੈ ਅਤੇ 'ਮਨੁੱਖੀ ਕਰਮਾਂ' ਦਾ ਨਿਬੇੜਾ 'ਰੱਬੀ ਹੁਕਮ' ਅਧੀਨ ਹੀ ਹੁੰਦਾ ਹੈ। ਪੁੰਨੀ (ਸ਼ੁਭ-ਕਰਮੀ) ਅਤੇ ਪਾਪੀ (ਪਾਪ-ਕਰਮੀ) ਇਹ ਦੋਵੇਂ ਪਰਸਪਰ ਵਿਰੋਧੀ ਆਚਰਣਿਕ ਲੱਛਣ ਹਨ, ਪਰ ਇਹ ਫ਼ਜ਼ੂਲ ਦੰਦ-ਕਥਾ ਦਾ ਵਿਸ਼ਾ ਨਹੀਂ। ਕੇਵਲ ਕਥਨ ਮਾਤ੍ਰ ਨਾਲ ਕੋਈ ਮਨੁੱਖ ਚੰਗਾ ਨਹੀਂ ਬਣ ਸਕਦਾ, ਕੋਈ ਮੰਦਾ ਨਹੀਂ ਹੋ ਸਕਦਾ। ਚੰਗੇ ਜਾਂ ਮੰਦੇ ਹੋਣ ਦਾ ਅਧਾਰ ਉਸ ਦੇ ਕੀਤੇ ਚੰਗੇ ਜਾਂ ਮੰਦੇ ਕਰਮ ਅਤੇ ਇਹਨਾਂ ਕਰਮਾਂ ਦੇ ਪਿਛੋਕੜ ਵਿਚਲੀ ਚੰਗੀ ਜਾਂ ਮੰਦੀ ਭਾਵਨਾ ਹੁੰਦੀ ਹੈ। ਜਿਵੇਂ ਮੈਲ ਨਾਲ ਭਰਿਆ ਕੋਈ ਕਪੜਾ, ਜਾਂ ਕੋਈ ਸਰੀਰਕ ਅੰਗ ਸਾਬਣ ਅਤੇ ਪਾਣੀ ਨਾਲ ਧੋਤਾ ਜਾ ਸਕਦਾ ਹੈ, ਤਿਵੇਂ ਹੀ, ਮਨੁੱਖੀ-ਮਨ ਨੂੰ ਲੱਗਾ ਪਾਪਾਂ ਦਾ ਗੰਦ ਨਾਮ ਦੇ ਪਿਆਰ ਨਾਲ ਧੋਤਾ ਜਾ ਸਕਦਾ ਹੈ।

ਪਉੜੀ ੨੧

SIKHBOOKCLUB.COM

ਤੀਰਥ-ਇਸ਼ਨਾਨ, ਤਪ-ਸਾਧਨਾ, ਅਹਿੰਸਾ, ਦਾਨ ਆਦਿ ਕਰਮ-ਕਾਂਡੀ ਸਾਧਨ ਨਾਮ ਦੇ ਮੁਕਾਬਲੇ ਬਿਲਕੁਲ ਤੁੱਛ ਹਨ। ਗੁਰ-ਸ਼ਬਦ ਨੂੰ ਪ੍ਰੇਮ ਨਾਲ ਸੁਣਨ ਅਤੇ ਮੰਨਣ ਨਾਲ ਜੀਵ ਦਾ ਅੰਦਰਲੇ ਆਤਮ-ਤੀਰਥ ਉਤੇ ਇਸ਼ਨਾਨ ਹੋ ਜਾਂਦਾ ਹੈ। ਦੈਵੀ-ਗੁਣ ਪ੍ਰਭੂ ਦੀ ਦੇਣ ਹਨ। ਪ੍ਰਭੂ ਦੀ ਮਿਹਰ-ਦਾਤਿ ਬਗ਼ੈਰ ਜੀਵ ਤੋਂ ਪ੍ਰਭੂ-ਭਗਤੀ ਹੋ ਸਕਣੀ ਅਸੰਭਵ ਹੈ।

ਪ੍ਰਭੂ ਸਤਿ-ਚਿਤ-ਅਨੰਦ ਸਰੂਪ ਹੈ, ਉਸ ਨਾਲ ਜੁੜਨ ਵਾਲੇ ਮਨੁੱਖ ਦੇ ਅੰਦਰ ਵੀ ਇਹ ਰੱਬੀ-ਗੁਣ ਪ੍ਰਵੇਸ਼ ਕਰ ਜਾਂਦੇ ਹਨ।

ਜਗਤ-ਪਸਾਰਾ ਕਦੋਂ ਹੋਂਦ ਵਿਚ ਆਇਆ, ਇਹ ਗੱਲ ਕਰਣਹਾਰ ਕਰਤਾਰ ਤੋਂ ਸਿਵਾ ਕੋਈ ਹੋਰ ਨਹੀਂ ਜਾਣਦਾ। ਸਾਰੀ ਦ੍ਰਿਸ਼ਟਮਾਨ, ਅਦ੍ਰਿਸ਼ਟ ਰਚਨਾ ਦਾ 'ਕਰਤਾ' ਉਸ ਤੋਂ ਸਿਵਾ ਕੋਈ ਹੋਰ ਨਹੀਂ। ਸਭ ਜੀਵ ਉਸ ਕਰਤਾਰ ਦੀ ਬਖ਼ਸ਼ੀ ਕਰਤਾਰੀ ਸ਼ਕਤੀ ਸਦਕਾ ਹੀ ਕੁਝ ਕਰਦੇ ਕਰਾਉਂਦੇ ਹਨ। ਜੇ ਕੋਈ ਹੋਛਾ ਮਨੁੱਖ ਆਪਣੇ ਆਪ ਨੂੰ 'ਕਰਤਾ' ਮੰਨਣ ਦਾ ਭਰਮ ਪਾਲਦਾ ਹੈ ਤਾਂ ਇਹ ਉਸ ਦੀ ਹੋਛੀ ਹਮਾਕਤ ਹੈ, ਜਿਸ ਵਜੋਂ ਉਸ ਨੂੰ ਅੰਤ ਨਮੋਸ਼ੀ ਸਹਿਣੀ ਪੈਂਦੀ ਹੈ। ਆਪਣੇ ਆਪ ਭਾਵੇਂ ਕੋਈ ਵੱਡਾ ਅਕਲਈਆ ਬਣਿਆ ਫਿਰੇ, ਕਾਦਰ

ਅਤੇ ਉਸ ਦੀ ਕੁਦਰਤਿ ਦਾ ਪੂਰਾ ਪੂਰਾ ਵਰਣਨ ਕਰ ਸਕਣਾ ਕਿਸੇ ਦੇ ਵੱਸ ਦੀ ਗੱਲ ਨਹੀਂ।

ਪਉੜੀ ੨੨-੨੩

ਪ੍ਰਭੂ ਦੀ ਅਨੰਤ ਰਚਨਾ ਵਿਚ ਅਣਗਿਣਤ ਹੀ ਪਤਾਲ ਅਤੇ ਅਕਾਸ਼ ਹਨ। ਪ੍ਰਭੂ-ਰਚਨਾ ਦਾ ਲੇਖਾ ਕੀਤਿਆਂ ਮਨੁੱਖੀ ਅਕਲ ਦੇ ਖੰਭ ਝੜ ਜਾਂਦੇ ਹਨ, ਅੰਤ ਨਹੀਂ ਲਭਦਾ। ਸਲਾਹੁਣ-ਜੋਗ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਤੁਫ਼ੈਲ ਆਤਮ-ਚੇਤਨਾ, ਪਰਮ-ਚੇਤਨਾ ਵਿਚ ਹੀ ਲੀਨ ਹੋ ਜਾਂਦੀ ਹੈ, ਫਿਰ ਇਸ ਦੀ ਅਡਰੀ ਹੋਂਦ ਨਹੀਂ ਰਹਿੰਦੀ, ਜਿਵੇਂ ਨਦੀਆਂ-ਨਾਲੇ ਸਮੁੰਦਰ ਵਿਚ ਪੈਣ ਮਗਰੋਂ ਉਹਨਾਂ ਦੀ ਵੱਖਰੀ ਪਛਾਣ ਹੋਣੀ ਅਸੰਭਵ ਹੋ ਜਾਂਦੀ ਹੈ।

ਬੇਓੜਕ ਧਨ-ਸੰਪਤੀ ਦੇ ਮਾਲਕ ਸ਼ਾਹ ਪਾਤਸ਼ਾਹ, ਜੋ ਧਰਤੀ ਤੋਂ ਇਲਾਵਾ ਸਮੁੰਦਰਾਂ ਉਤੇ ਵੀ ਅਧਿਕਾਰ ਰੱਖਣ ਦੇ ਦਾਅਵੇਦਾਰ ਹੋਣ, ਏਨਾ ਐਸ਼੍ਵਰਜ ਹੋਣ ਦੇ ਬਾਵਜੂਦ ਉਹ ਕੌੜੀ ਵਤ ਤੁੱਛ ਮਨੁੱਖ ਦੀ ਬਰਾਬਰੀ ਨਹੀਂ ਕਰ ਸਕਦੇ, ਜਿਸ ਦੇ ਪੱਲੇ ਪ੍ਰਭੂ-ਸਿਮਰਨ ਦਾ ਧਨ ਹੋਵੇ।

SIKHBOOKCLUB.COM

ਪਉੜੀ ੨੪-੨੫

ਪ੍ਰਭੂ ਅਤੇ ਉਸ ਦਾ ਰੁਤਬਾ ਵੱਡੀ-ਹੂੰ-ਵੱਡਾ ਹੈ। ਉਸ ਦਾ 'ਨਾਉਂ' ਉੱਚੀ-ਹੂੰ-ਉੱਚਾ ਹੈ। ਨਾਮ ਅਤੇ ਨਾਮੀ ਪਰਸਪਰ ਅਭੇਦ ਹਨ। ਵੱਡੇ ਪ੍ਰਭੂ ਦਾ ਹਰ ਪੱਖ ਵੱਡਾ, ਅਦਭੁਤ ਅਤੇ ਅਮੁੱਲ ਹੈ, ਉਹ ਸਰਬ-ਕਲਾ-ਸਮਰੱਥ ਦਾਤਾਰ ਹੈ, ਬਾਕੀ ਸਾਰੇ ਅਖੌਤੀ ਸੰਸਾਰੀ ਦਾਤੇ ਉਸ ਦੇ ਦਰ ਦੇ ਮੰਗਤੇ ਹਨ।

ਦੁਖ ਅਤੇ ਭੁਖ ਵੀ ਦਾਤਾਰ-ਪ੍ਰਭੂ ਦੀਆਂ ਦਾਤਾਂ ਹੀ ਹਨ। ਮਾਇਕੀ ਬੰਧਨਾਂ ਦੀ ਕੈਦ ਅਤੇ ਇਸ ਤੋਂ ਛੁਟਕਾਰਾ ਪ੍ਰਭੂ ਦੀ ਰਜ਼ਾਅ ਵਿਚ ਹੀ ਹੁੰਦਾ ਹੈ। ਜਿਸ ਮਨੁੱਖ ਨੂੰ ਦਾਤਾਰ-ਪ੍ਰਭੂ ਤੋਂ ਸਿਫ਼ਤਿ-ਸਾਲਾਹ ਦੀ ਬਖ਼ਸ਼ਸ਼ ਹੋ ਜਾਵੇ, ਉਹ ਜਾਣੋ ਪਾਤਿਸ਼ਾਹਾਂ ਸਿਰ ਪਾਤਿਸ਼ਾਹ ਹੈ।

ਪਉੜੀ ੨੬

ਅਮੁੱਲ ਪ੍ਰਭੂ ਦੇ ਅਮੁੱਲ ਗੁਣਾਂ ਦਾ ਕਥਨ ਵੇਦ-ਪਾਠੀ ਵਿਦਵਾਨ ਲੋਕੀ ਕਥਨ ਕਰਦੇ ਹਨ। ਕਈ ਬ੍ਰਹਮੇ, ਇੰਦਰ, ਕਾਨ੍ਹ ਅਤੇ ਗੋਪੀਆਂ, ਸ਼ਿਵ ਜੀ ਅਤੇ ਹੋਰ ਜੋਗੀਰਾਜ, ਬੁਧੀਮਾਨ, ਦੇਵਤੇ, ਰਾਖਸ਼ ਅਤੇ ਰਿਸ਼ੀ-ਮੁਨੀ ਉਸ ਦੇ ਗੁਣਾਂ

ਦਾ ਕਥਨ ਨਿਰੰਤਰ ਕਰਦੇ ਰਹਿੰਦੇ ਹਨ, ਪਰ ਪ੍ਰਭੂ-ਗੁਣਾਂ ਦਾ ਪੂਰੇ ਤੌਰ 'ਤੇ ਕਥਨ ਕਰ ਸਕਣਾ, ਕਿਸੇ ਦੇ ਵਸ ਦੀ ਗੱਲ ਨਹੀਂ। ਜੇ ਕੋਈ ਹੋਛਾ ਮਨੁੱਖ ਅਜਿਹਾ ਦਾਅਵਾ ਬੰਨ੍ਹਦਾ ਹੈ ਤਾਂ ਉਸ ਦਾ ਦਾਅਵਾ ਝੂਠਾ ਹੈ ਅਤੇ ਉਹ ਝੂਠਾ ਦਾਅਵੇਦਾਰ ਮੂਰਖਾਂ ਸਿਰ ਮੂਰਖ ਹੈ।

ਪਉੜੀ ੨੭

ਉਹ ਦਰ-ਘਰ (ਸਚੁ) ਕੇਹਾ ਅਨੂਪਮ ਹੈ ਜਿਥੇ ਟਿਕ ਕੇ ਇਹ ਅਨੁਭਵ ਹੁੰਦਾ ਹੈ ਕਿ ਸਾਰੀ ਪਰਕ੍ਰਿਤੀ ਪ੍ਰਭੂ ਦੇ ਅਮੋਲਕ ਗੁਣਾਂ ਦਾ ਗਾਇਨ ਕਰ ਕੇ ਉਸ ਨੂੰ ਚਿਤ ਵਿਚ ਸਮ੍ਹਾਲ ਰਹੀ ਹੈ ਅਤੇ ਪ੍ਰਭੂ ਸਭਨਾਂ ਦੀ ਨਿਰੰਤਰ ਸਾਰ-ਸੰਭਾਲ ਕਰ ਰਿਹਾ ਹੈ। ਪਉਣ, ਪਾਣੀ, ਅਗਨੀ, ਧਰਮ-ਰਾਜਾ, ਚਿਤੁ, ਗੁਪਤੁ, ਈਸ਼ਰ, ਬ੍ਰਹਮਾ, ਇੰਦਰ, ਸਿਧ, ਸਾਧ, ਜਤੀ, ਸਤੀ, ਸੰਤੋਖੀ, ਮਹਾਬਲੀ ਸੂਰਮੇ, ਪੰਡਿਤ, ਰਿਸ਼ੀ-ਮੁਨੀ, ਤਿੰਨਾਂ ਲੋਕਾਂ ਦੀਆਂ ਸੁੰਦਰੀਆਂ, ਖੰਡ, ਬ੍ਰਹਮੰਡ, ਚਾਰੇ ਖਾਣੀਆਂ, ਇਹ ਸਾਰੇ ਨਿਰੰਤਰ ਆਪੋ ਆਪਣੇ ਢੰਗ-ਤਰੀਕੇ ਨਾਲ ਜੁਗਾਂ ਜੁਗਾਂਤਰਾਂ ਤੋਂ ਨਿਰੰਤਰ ਪ੍ਰਭੂ ਦੇ ਗੁਣਾਂ ਦਾ ਗਾਇਨ ਕਰ ਰਹੇ ਹਨ। ਗੁਣ ਗਾਇਨ ਕਰਨ ਵਾਲਿਆਂ ਦਾ ਇਹ ਟੂਕ-ਮਾਤ੍ਰ ਵਰਣਨ ਹੈ। ਪੂਰਾ ਵਰਣਨ ਹੋ ਸਕਣਾ ਸੰਭਵ ਨਹੀਂ। ਪ੍ਰਭੂ ਦੀ ਮਿਹਰ ਸਦਕਾ ਹੀ ਕਿਸੇ ਨੂੰ ਗੁਣ ਗਾਉਣ ਦੀ ਦਾਤਿ ਨਸੀਬ ਹੁੰਦੀ ਹੈ। ਗੁਣ ਗਾਇਨ ਕਰਨ ਵਾਲੇ ਪ੍ਰਭੂ ਨੂੰ ਪਿਆਰੇ ਲਗਦੇ ਹਨ, ਕਿਉਂਜੁ ਗੁਣ-ਗਾਨ ਪ੍ਰਭੂ ਦਾ ਰਜ਼ਾਈ-ਹੁਕਮ ਹੈ।

ਸਦੀਵਕਾਲ ਸਤਿ (ਸਦਾ-ਥਿਰ) ਪ੍ਰਭੂ ਬਹੁ-ਰੰਗੀ ਚਰਾਚਰ ਰਚਨਾ ਰਚ ਕੇ ਆਪਣੇ ਹੁਕਮ ਵਿਚ ਚਲਾ ਰਿਹਾ ਹੈ। ਉਸ ਦੀ ਰਜ਼ਾਅ ਵਿਚ ਰਾਜ਼ੀ ਰਹਿਣਾ ਹੀ ਸ੍ਰੇਸ਼ਟ ਕਰਮ ਹੈ।

ਪਉੜੀ ੨੮

ਗੁਰਮਤਿ-ਜੋਗ ਲਈ ਵਿਖਾਵੇ ਦੇ ਬਾਹਰਲੇ ਚਿੰਨ੍ਹਾਂ ਦੀ ਬਜਾਏ ਅੰਦਰਲੇ ਦੈਵੀ-ਗੁਣਾਂ ਦੀ ਧਾਰਨਾ ਜ਼ਰੂਰੀ ਹੈ। ਸੰਤੋਖ ਦੀ ਮੁੰਦਰਾ, ਸਰਮ (ਉਦਮ) ਦਾ ਖੱਪਰ, ਧਿਆਨ ਦੀ ਸੁਆਹ, ਕਾਲ ਦੀ ਖਿੰਥਾ ਧਾਰਨ ਕਰਨ ਦਾ ਉਪਦੇਸ਼ ਹੈ। ਦੇਹੀ ਨੂੰ ਪ੍ਰਭੂ-ਮਿਲਾਪ ਲਈ ਕੁਆਰੀ (ਗੁਰਮਤਿ ਜੋਗ ਕਮਾਉਣ ਦਾ ਵਸੀਲਾ), ਦ੍ਰਿੜ੍ਹ ਭਰੋਸੇ ਨੂੰ ਜੋਗ ਦੀ ਜੁਗਤੀ ਅਤੇ ਡੰਡਾ ਬਣਾਉਣਾ ਚਾਹੀਏ। ਸਾਰੀ ਲੋਕਾਈ ਨੂੰ ਬ੍ਰਹਮ-ਵਿਦਿਆ ਦੀ ਪ੍ਰਾਪਤੀ ਦਾ ਸਾਂਝੀਵਾਲ ਜਾਣਨਾ ਇਹ ਗੁਰਮਤਿ-ਜੋਗ

ਦਾ ਆਈ-ਪੰਥ ਹੈ। ਮਨ ਜਿਤਣ ਨਾਲ ਜਾਣੋ ਸਾਰਾ ਜਗਤ ਜਿਤ ਲਿਆ। ਸਾਰੀ ਸ੍ਰਿਸ਼ਟੀ ਨੂੰ ਹੁਕਮ-ਨੱਥ ਵਿਚ ਨਥ ਕੇ ਚਲਾਉਣ ਵਾਲਾ ਨਾਥਾਂ-ਸਿਰ-ਨਾਥ ਕੇਵਲ ਉਹ ਪ੍ਰਭੂ ਹੈ ਜੋ ਸਭ ਦਾ ਮੂਲ-ਮੁੱਢ ਹੈ, ਰੂਪ ਰੰਗ ਤੋਂ ਨਿਆਰਾ ਹੈ ਅਤੇ ਸਦੀਵਕਾਲ ਸੱਚ ਦੀ ਵੇਸ-ਭੂਸ਼ਾ (ਪਹਿਨਣ-ਪੋਸ਼ਣ) ਵਾਲਾ ਹੈ। ਉਸ ਨੂੰ ਸਦ ਨਮਸਕਾਰ!

ਪਉੜੀ ੨੯

ਗੁਰਮੁਖਿ-ਜੋਗੀ ਲਈ ਆਤਮ-ਗਿਆਨ ਹੀ ਆਦਰਸ਼ਕ ਭੋਜਨ ਹੈ। ਜੀਅ-ਦਇਆ ਆਤਮ-ਪਦਾਰਥ ਦੀ ਵਰਤਾਵੀ ਹੈ। ਹਰੇਕ ਦੇ ਅੰਦਰ ਨਿਰੰਤਰ ਵਜਦੀ ਸ਼ਬਦ-ਧੁਨਿ ਆਦਰਸ਼ਕ ਨਾਦ ਹੈ। ਰਿਧੀ ਸਿਧੀ ਹੋਛਾ ਚਸਕਾ ਹੈ। ਜਗਤ ਦੇ ਮਾਲਕ ਵਲੋਂ ਸੰਜੋਗ (ਮਿਲਾਪ ਦਾ ਅਟੱਲ ਨੇਮ) ਅਤੇ ਵਿਜੋਗ (ਵਿਛੋੜੇ ਦਾ ਅਟੱਲ ਨੇਮ) ਦੁਆਰਾ ਸੰਸਾਰ ਦੀ ਪਰਕ੍ਰਿਆ ਚਲਾਈਦੀ ਹੈ। ਹਰੇਕ ਮਨੁੱਖ ਨੂੰ ਧੁਰੋਂ ਲਿਖੇ ਕਰਮ-ਲੇਖ ਅਨੁਸਾਰ ਹੀ ਛਾਂਦਾ ਮਿਲਦਾ ਹੈ।

ਪਉੜੀ ੩੦

SIKHBOOKCLUB.COM

ਬ੍ਰਹਮਾ, ਬਿਸ਼ਨ, ਮਹੇਸ਼—ਇਹ ਤਿੰਨੇ ਦੇਵਤੇ ਤ੍ਰਿਗੁਣੀ-ਮਾਇਆ ਦੇ ਚੇਲੇ ਹਨ। ਇਹ ਪ੍ਰਬਲ ਮਾਇਆ ਅਤੇ ਉਸ ਦੇ ਤਿੰਨੇ ਚੇਲੇ ਪ੍ਰਭੂ ਦੇ ਹੁਕਮ ਅਧੀਨ ਉਸ ਵਲੋਂ ਸਉਂਪੀ ਹੋਈ ਕਾਰ ਹੀ ਕਮਾਉਂਦੇ ਹਨ।

ਪਉੜੀ ੩੧

ਸਿਰਜਣਹਾਰ-ਪ੍ਰਭੂ ਦਾ ਟਿਕਾਣਾ ਅਤੇ ਉਸ ਦੇ ਅਮੁੱਕ ਭੰਡਾਰੇ ਹਰੇਕ ਬ੍ਰਹਮੰਡ-ਭਵਨ ਵਿਚ ਮੌਜੂਦ ਹਨ। ਕਰਤਾਰ ਆਪਣੀ ਰਚਨਾ ਦੀ ਨਿਰੰਤਰ ਦੇਖ-ਭਾਲ ਅਤੇ ਸਾਰ-ਸੰਭਾਲ ਕਰਦਾ ਹੈ।

ਪਉੜੀ ੩੨

ਪ੍ਰਭੂ ਨਾਲ ਇਕ-ਮਿਕਤਾ ਪ੍ਰਾਪਤ ਕਰਨ ਲਈ ਇਕੱਲੀ ਜੀਭ ਨਾਲ ਹੀ ਨਹੀਂ, ਰੋਮ ਰੋਮ ਨਾਲ ਜਾਪ ਕਰਨਾ ਜ਼ਰੂਰੀ ਹੈ। ਪਰ ਇਹ ਅਜਪਾ-ਜਾਪ ਦੀ ਦਾਤਿ ਆਪਣੇ ਕਿਸੇ ਜਤਨ, ਜਾਂ ਚਤੁਰਾਈ ਦੇ ਬਲ-ਬੋਤੇ 'ਤੇ ਨਹੀਂ, ਕੇਵਲ ਪ੍ਰਭੂ ਦੀ ਮਿਹਰ ਦੀ ਨਦਰਿ ਦੁਆਰਾ ਪ੍ਰਾਪਤ ਹੋ ਸਕਦੀ ਹੈ। 'ਨਦਰਿ' ਦੇ ਗੁਰਮਤਿ-

ਸਿਧਾਂਤ ਦੀ ਸੋਝੀ ਤੋਂ ਵਿਰਵੇ ਹਉ-ਗ੍ਰਸਤ ਮਨੁੱਖਾਂ ਦੀ ਅਜਪਾ-ਜਾਪ, ਅਥਵਾ, ਗਗਨ-ਉਡਾਰੀ ਦੀ ਸ਼ੇਖ਼ੀ ਨਿਰਾ ਝੂਠ ਹੀ ਹੁੰਦਾ ਹੈ।

ਪਉੜੀ ੩੩

ਹਰੇਕ ਮਨੁੱਖ ਪ੍ਰਭੂ ਦੀ ਕਠ-ਪੁਤਲੀ ਹੈ। ਬੋਲਣ ਵਿਚ, ਚੁਪ ਰਹਿਣ ਵਿਚ, ਜੀਵਣ ਵਿਚ, ਮਰਨ ਵਿਚ, ਮੰਗਣ ਵਿਚ, ਦੇਣ ਵਿਚ, ਸੁਰਤੀ ਲਾਉਣ ਵਿਚ, ਗਿਆਨ-ਵੀਚਾਰ ਵਿਚ, ਮਨੁੱਖ ਦਾ ਆਪਣਾ ਵਸੀਕਾਰ ਨਹੀਂ ਹੁੰਦਾ। ਸਭ ਕੁਝ ਪ੍ਰਭੂ ਦੇ ਹੱਥ-ਵਸ ਹੈ, ਉਹ ਆਪਣੀ ਵਿਉਂਤ ਵਿਚ ਸਭਨਾਂ ਜੀਵ-ਜੰਤੂਆਂ ਨੂੰ ਚਲਾਉਂਦਾ ਹੈ। ਆਪਣੇ ਆਪ ਵਿਚ ਨਾ ਕੋਈ ਉਤਮ ਹੈ ਨਾ ਨੀਚ।

ਪਉੜੀ ੩੪-੩੭

ਇਹਨਾਂ ਚਹੁੰਆਂ ਪਉੜੀਆਂ ਵਿਚ ਪੰਜ-ਖੰਡਾਂ ਦਾ ਵਰਣਨ ਹੈ। ਇਹ ਪੰਜੇ ਖੰਡ [ਧਰਮ-ਖੰਡ, ਗਿਆਨ-ਖੰਡ, ਸਰਮ-ਖੰਡ, ਕਰਮ-ਖੰਡ ਅਤੇ ਸਚ-ਖੰਡ] ਭੌਤਕ ਅਕਾਰ ਵਾਲੇ ਨਹੀਂ, ਇਸ ਲਈ ਇਹ ਪੰਜ-ਭੂਤਕੀ ਨੇਤ੍ਰਾਂ ਨਾਲ ਵੇਖੇ ਨਹੀਂ ਜਾ ਸਕਦੇ। ਇਹ ਦਿੱਬ (ਨੂਰੀ)-ਮੰਡਲ ਹਨ, ਜੋ ਨਾਮ-ਬਾਣੀ ਦੀ ਅਤੁੱਟ ਕਮਾਈ ਕਰਨ ਵਾਲੇ ਅਭਿਆਸੀ ਗੁਰਸਿੱਖਾਂ ਨੂੰ ਸੁਰਤਿ-ਨੇਤ੍ਰਾਂ ਰਾਹੀਂ ਦ੍ਰਿਸ਼ਟੀ ਗੋਚਰੇ ਹੁੰਦੇ ਹਨ।

ਧਰਮ-ਖੰਡ

ਕੁਦਰਤਿ-ਪਸਾਰੇ ਵਿਚ ਕਰਤਾ ਪੁਰਖ ਵਲੋਂ ਸਿਰਜੀ ਧਰਮ-ਖੰਡ ਰੂਪੀ ਸੱਚੀ ਧਰਮ-ਸਾਲ ਨੂਰੀ-ਧਰਤੀ ਹੈ। ਵੱਖ ਵੱਖ ਖੰਡਾਂ ਬ੍ਰਹਮੰਡਾਂ ਵਿਚਲੇ ਵੱਖ ਵੱਖ ਰੂਪਾਂ-ਰੰਗਾਂ, ਜਾਤਾਂ-ਜਿਨਸਾਂ ਅਤੇ ਨਾਵਾਂ-ਥਾਵਾਂ ਦੇ ਜੀਵ ਜੀਵਨ-ਯਾਤਰਾ ਸੰਪੂਰਨ ਕਰਨ ਮਗਰੋਂ ਇਸ ਨੂਰੀ ਧਰਮ-ਸਾਲ ਧਰਤੀ ਵਿਚ ਪ੍ਰਵੇਸ਼ ਕਰਦੇ ਹਨ, ਜਿਥੇ ਉਹਨਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਧਰਮ-ਨਿਆਉਂ ਅਧੀਨ ਹੁੰਦਾ ਹੈ, ਕੱਚੇ ਪੱਕੇ ਦੀ ਪਰਖ ਹੁੰਦੀ ਹੈ।

ਨਾਮ-ਬਾਣੀ ਦੇ ਅਭਿਆਸ ਰਾਹੀਂ ਜੀਵਨ-ਯਾਤਰਾ ਸਫਲ ਕਰ ਕੇ ਪ੍ਰਵਾਨ ਚੜ੍ਹੇ ਪੰਚ-ਜਨਾਂ ਦੇ ਦਿਬ-ਮੂਰਤੀ ਨੂਰੀ ਮਸਤਕਾਂ ਉਤੇ ਸੱਚੇ ਸਾਹਿਬ ਦਾ ਨਦਰਿ-ਨੀਸ਼ਾਨ ਏਥੇ ਉੱਕਰਿਆ ਜਾਂਦਾ ਹੈ।

ਗਿਆਨ-ਖੰਡ

ਧਰਮ-ਖੰਡ ਦੀ ਸੱਚੀ ਧਰਮ-ਸਾਲ ਧਰਤੀ ਵਿਚ ਪਰਵਾਨੇ ਅਤੇ ਨਦਰਿ-ਨੀਸ਼ਾਨੇ ਪੰਚ ਜਨਾਂ ਨੂੰ ਫਿਰ ਸ਼ੌਬੀ-ਗਿਆਨ ਦੇ ਪ੍ਰਕਾਸ਼ ਵਾਲੇ ਗਿਆਨ-ਖੰਡ ਵਿਚ ਪ੍ਰਵੇਸ਼ ਨਸੀਬ ਹੁੰਦਾ ਹੈ। ਉਹਨਾਂ ਨੂੰ ਗਿਆਨ-ਪ੍ਰਚੰਡ ਦਿੱਬ-ਚਖਸ਼ੂਆਂ ਰਾਹੀਂ ਅਦਭੁਤ ਅਤੇ ਅਨੰਦ-ਦਾਇਕ ਗਿਆਨ-ਚਮਤਕਾਰ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਗਿਆਨ-ਖੰਡ ਦੇ ਗਿਆਨ-ਵਰਤਾਰੇ ਵਿਚ ਅਣਗਿਣਤ ਪ੍ਰਕਿਰਤਕ-ਤੱਤ : ਪਉਣਾਂ, ਪਾਣੀ, ਅਗਨੀਆਂ, ਖਾਣੀਆਂ, ਬਾਣੀਆਂ, ਕਰਮ-ਧਰਤੀਆਂ, ਸੁਮੇਰ ਪਰਬਤ, ਚੰਦ, ਸੂਰ ਅਤੇ ਰਤਨ-ਸਾਗਰ ਸਾਮਰਤੱਖ ਹੁੰਦੇ ਹਨ।

ਅਣਗਿਣਤ ਬ੍ਰਹਮੇ, ਵਿਸ਼ਨੂੰ, ਸ਼ਿਵ, ਸਿਧ, ਬੁਧ (ਬੁਧੀਮਾਨ), ਨਾਥ, ਦੇਵੀ ਦੇਵਤੇ, ਦੈਂਤ, ਧ੍ਰੂ ਅਤੇ ਉਸ ਦੇ ਉਪਦੇਸ਼-ਕਰਤਾ (ਨਾਰਦ) ਅਤੇ ਸ਼ਾਹ ਪਾਤਿਸ਼ਾਹ ਸਚੇ ਸਾਹਿਬ ਦੀ ਹੁਕਮ-ਕਾਰ ਕਮਾਉਂਦੇ ਦਿਸਦੇ ਹਨ।

ਸਰਮ-ਖੰਡ

SIKHBOOKCLUB.COM

ਗਿਆਨ-ਖੰਡ ਦੇ ਗਿਆਨ-ਪ੍ਰਚੰਡੀ ਵਿਸਮਾਦੀ ਕੌਤਕਾਂ ਨਾਲ ਬਿਸਮ-ਬਿਸਮਾਦ ਹੋਏ ਪੰਚ ਜਨਾਂ ਨੂੰ ਫਿਰ ਸਰਮ-ਖੰਡ ਵਿਚ ਪ੍ਰਵੇਸ਼ ਮਿਲਦਾ ਹੈ। ਸਰਮ-ਖੰਡ ਦੀ ਬਣਤਰ ਨਿਰਾ ਨੂਰ ਹੀ ਨੂਰ ਹੈ। ਇਸ ਨੂੰ ਮਿਹਨਤ-ਮੁਸ਼ੱਕਤ ਦਾ ਖੰਡ ਸਮਝਣ-ਸਮਝਾਉਣ ਵਾਲੇ ਵੀਰ ਟਪਲਾ ਖਾਂਦੇ ਹਨ, ਕਿਉਂਜੁ ਮਿਹਨਤ-ਮੁਸ਼ੱਕਤ ਦਾ ਮੰਡਲ ਤਾਂ ਸੰਸਾਰ-ਕਰਮ-ਖੇਤਰ ਹੈ। ਸਰਮ-ਖੰਡ ਵਿਚ ਤਾਂ ਪ੍ਰਵੇਸ਼ ਹੀ ਜੀਵਨ-ਕਾਲ ਵਿਚ ਕੀਤੀ ਕਰੜੀ ਨਾਮ-ਘਾਲਨਾ ਦੇ ਫਲ-ਸਰੂਪ ਮਿਲਦਾ ਹੈ। ਫਿਰ ਹੋਰ ਘਾਲਣਾ ਕਾਹਦੀ ? 'ਸਰਮ' ਸ਼ਬਦ ਵਾਸਤਵ ਵਿਚ ਸੰਸਕ੍ਰਿਤ ਸ਼ਬਦ 'ਸ਼ਰਮ੍-ਮਨ੍' ਦਾ ਪੰਜਾਬੀ ਰੂਪਾਂਤਰ ਹੈ, ਜਿਸ ਦਾ ਅਰਥ 'ਖੁਸ਼ੀ-ਅਨੰਦ' ਹੈ। ਸੋ, ਸਰਮ-ਖੰਡ ਰੱਬੀ-ਖੁਸ਼ੀ ਅਤੇ ਅਨੰਦ ਦਾ ਮੰਡਲ ਹੈ।

ਸਰਮ-ਖੰਡ ਵਿਚ ਅਭਿਆਸੀ-ਜਨਾਂ ਦੀ ਸੁਰਤਿ, ਮਤਿ ਅਤੇ ਮਨੀਖਿਆ (ਮਨ ਦੀ ਉਹ ਹਾਲਤ ਜਿਸ ਵਿਚ ਇੱਛਾ ਪ੍ਰਧਾਨ ਹੈ) ਅਤੇ ਬੁਧਿ ਦੀ ਨੂਰੀ ਘਾੜਤ ਘੜੀ ਜਾਂਦੀ ਹੈ। ਉਥੇ ਦੈਵੀ-ਗੁਣਾਂ-ਸੰਪੰਨ ਸੂਰਾਂ ਅਤੇ ਦਿਬ-ਜੋਤਿ ਪ੍ਰਕਾਸ਼ਨੀ ਸਿਧੀ ਨੂੰ ਪ੍ਰਾਪਤ ਹੋਏ ਸਿੱਧਾਂ ਵਾਲੀ ਆਤਮ-ਸੋਝੀ ਘੜੀ ਜਾਂਦੀ ਹੈ। ਸਰਮ-ਖੰਡ ਦੀ ਗਹਿਣ-ਗਤਿ ਕਥਨ-ਕਹਿਣ ਤੋਂ ਬਾਹਰ ਹੈ।

ਕਰਮ-ਖੰਡ

ਕਰਮ-ਖੰਡ ਰੱਬੀ ਬਖ਼ਸ਼ਸ਼ ਦਾ ਖੰਡ ਹੈ। ਏਥੇ ਆਤਮ-ਬਲ ਦੀ ਪ੍ਰਧਾਨਤਾ ਹੈ। ਇਸ ਖੰਡ ਵਿਚ ਆਤਮ-ਜੋਤੂ ਮਹਾ-ਬਲੀ ਸੂਰਮੇ ਵਸਦੇ ਹਨ। ਕਾਮਾਦਿਕ ਵੈਰੀਆਂ ਨੂੰ ਪਛਾੜ ਕੇ ਆਤਮ-ਪਰਮਾਤਮ ਦੀ ਸੰਧੀ ਮਿਲਾਉਣ ਵਾਲੇ ਇਹਨਾਂ ਜੋਧਿਆਂ ਦੇ ਰਗੋ-ਰੇਸ਼ੇ ਵਿਚ ਰਮਤ-ਰਾਮ ਓਤਿ-ਪੋਤਿ ਸਮਾਇਆ ਹੁੰਦਾ ਹੈ। ਇਹਨਾਂ ਪ੍ਰੀਤਵਾਨਾਂ ਦੀਆਂ ਸੁਰਤਾਂ ਵਾਹਿਗੁਰੂ ਦੀ ਮਹਿਮਾ ਵਿਚ ਸੀਤੀਆਂ-ਪ੍ਰੋਤੀਆਂ ਹੁੰਦੀਆਂ ਹਨ, ਜਿਸ ਦੇ ਫਲ-ਸਰੂਪ ਉਹਨਾਂ ਦੇ ਨੂਰੋ-ਨੂਰ ਹੋਏ ਦਿੱਬ-ਸਰੂਪਾਂ ਦੀ ਝਾਲ ਨਹੀਂ ਝਲੀ ਜਾਂਦੀ। ਆਤਮ-ਤਲ ਉਤੇ ਰਮਤ-ਰਾਮ ਨਾਲ ਇਕ-ਮਿਕ ਹੋਇਆਂ ਨੂੰ ਨਾ ਕਿਸੇ ਠੱਗੀ-ਠੋਰੀ ਦਾ ਸੰਸਾ ਵਿਆਪਦਾ ਹੈ, ਨਾ ਮੌਤ ਦਾ ਡਰ। ਕਈ ਲੋਕਾਂ (ਖੰਡਾਂ ਬ੍ਰਹਮੰਡਾਂ) ਦੇ ਭਗਤ-ਜਨ ਏਥੇ ਸੱਚੇ ਪ੍ਰਭੂ ਨਾਲ ਨਿਰੰਤਰ ਆਤਮ-ਕੇਲ ਕਰਦੇ ਹਨ।

ਸਚ-ਖੰਡ

ਸਚ-ਖੰਡ ਸਾਰੇ ਜੋਤਿ-ਮੰਡਲਾਂ ਦਾ ਸਿਖਰਲਾ ਖੰਡ ਹੈ। ਸ੍ਰੀ ਜਪੁ ਜੀ ਸਾਹਿਬ ਦੀ ੩੭ਵੀਂ ਪਉੜੀ ਵਿਚ ਕਰਮ-ਖੰਡ ਅਤੇ ਸਚ-ਖੰਡ ਦਾ ਸਾਂਝਾ ਵਰਣਨ ਹੈ, ਜਿਸ ਤੋਂ ਵਿਦਤ ਹੁੰਦਾ ਹੈ ਕਿ ਇਹਨਾਂ ਦੋਹਾਂ ਖੰਡਾਂ ਦੀ ਪਰਸਪਰ ਸਾਂਝ ਹੈ। ਆਪੋ ਆਪਣੀ ਵਖਰੀ ਹੋਂਦ-ਆਭਾ ਦੇ ਬਾਵਜੂਦ ਇਹਨਾਂ ਦੀ ਪਰਸਪਰ ਅਭੇਦਤਾ ਹੈ। ਸਚ-ਖੰਡ ਨਿਰੰਕਾਰ ਦਾ ਨਿਵਾਸ-ਅਸਥਾਨ ਹੈ। ਇਹ ਖੰਡ ਨਾਮ-ਬਾਣੀ ਦੀ ਅਤੁੱਟ ਕਮਾਈ ਸਦਕਾ ਸਚਿਆਰ-ਪਦ ਨੂੰ ਪ੍ਰਾਪਤ ਹੋ ਕੇ ਪ੍ਰਵਾਣ ਪਏ ਭਗਤ-ਜਨਾਂ ਲਈ ਨਿਰੰਕਾਰ ਦੀ ਸਨਮੁਖ ਹਜ਼ੂਰੀ ਅਤੇ ਦਰਸ-ਮਿਲਾਪ ਦਾ ਪਰਮ-ਅਨੰਦੀ ਸੁਭਾਗ-ਮੰਡਲ ਹੈ। ਏਥੇ ਨਿਰੰਕਾਰ ਆਪਣੀ ਰਚੀ ਕੁਲ ਕਾਇਨਾਤ ਦੀ ਦੇਖ-ਭਾਲ ਕਰ ਕੇ ਅਤੇ ਆਪਣੇ ਖ਼ਾਸੁਲ-ਖ਼ਾਸ ਭਗਤ ਜਨਾਂ ਉਤੇ ਨਿਹਾਲਵੀਂ ਦ੍ਰਿਸ਼ਟੀ ਕਰ ਕਰ ਕੇ ਵਿਗਸਦਾ ਹੈ। ਏਥੇ ਨਿਰੰਕਾਰ ਦੇ ਵੈਰਾਟ-ਰੂਪ ਵਿਚ ਅਨੰਤ ਖੰਡ ਮੰਡਲ ਸਮਾਏ ਦ੍ਰਿਸ਼ਟੀਮਾਨ ਹੁੰਦੇ ਹਨ। ਏਥੋਂ ਹਰ ਪਾਸੇ ਹੁਕਮ ਦੀ ਕਾਰ ਹੁੰਦੀ ਪ੍ਰਤਖ ਦਿਸਦੀ ਹੈ। ਸਚ-ਖੰਡ ਦੇ ਵਰਤਾਰੇ ਦਾ ਪੂਰਨ ਤੌਰ 'ਤੇ ਬਿਆਨ ਕਰ ਸਕਣਾ ਅਤਿ-ਕਠਨ ਹੈ।

ਪਉੜੀ ੩੮

ਇਸ ਪਉੜੀ ਵਿਚ ਰੱਬੀ-ਟਕਸਾਲ ਦਾ ਵਰਣਨ ਹੈ। ਟਕਸਾਲ ਦਾ ਅਰਥ ਹੈ—ਸਰਕਾਰ ਵਲੋਂ ਪ੍ਰਵਾਣਤ ਉਹ ਸੰਸਥਾ, ਜਿਥੇ ਕਿਸੇ ਦੇਸ਼ ਦਾ ਪ੍ਰਚਲਤ ਸਿੱਕਾ

ਘੜਿਆ ਜਾਂਦਾ ਹੈ। ਟਕਸਾਲ ਵਿਚ ਭੱਠੀ, ਅਹਰਣ, ਹਥੌੜੇ, ਅੱਗ, ਧੌਂਕਣੀ, ਕੁਠਾਲੀ ਦੀ ਸਹਾਇਤਾ ਨਾਲ ਸੁਨਿਆਰੇ ਦੁਆਰਾ ਕਿਸੇ ਧਾਤ ਤੋਂ ਪ੍ਰਵਾਣਤ ਸਿੱਕਾ ਘੜਿਆ ਜਾਂਦਾ ਹੈ, ਜਿਸ ਉਤੇ ਸ਼ਾਹੀ ਮੁਹਰ ਲਗਣ ਮਗਰੋਂ ਉਹ ਪ੍ਰਵਾਣਤ ਸਿੱਕਾ ਬਣਦਾ ਹੈ। ਇਸ ਅਲੰਕਾਰ ਨੂੰ ਲੈ ਕੇ ਇਸ ਪਉੜੀ ਵਿਚ ਸ਼ਬਦ ਅਥਵਾ ਮਨੁੱਖੀ ਮਨ ਨੂੰ ਰੱਬੀ ਟਕਸਾਲ ਵਿਚ ਘੜਨ ਦੀ ਜੁਗਤੀ ਦਰਸਾਈ ਗਈ ਹੈ। ਇਸ ਰੱਬੀ ਘਾੜਤ ਲਈ ਲੋੜੀਂਦੇ ਸਾਜ-ਸਮਾਨ ਦਾ ਵੇਰਵਾ ਇਸ ਪ੍ਰਕਾਰ ਹੈ :

ਦੁਨਿਆਵੀ ਟਕਸਾਲ ਦਾ ਸਾਜ਼-ਸਮਾਨ	**ਰੱਬੀ ਟਕਸਾਲ ਦਾ ਸਾਜ਼-ਸਮਾਨ**
ਪਹਾਰਾ (ਭੱਠੀ)	ਜਤ
ਸੁਨਿਆਰਾ	ਧੀਰਜ
ਅਹਰਣਿ	ਮਤਿ
ਹਥੀਆਰ (ਹਥੌੜਾ)	ਵੇਦ (ਗੁਰੂ-ਗਿਆਨ)
ਖਲਾ (ਧੌਂਕਣੀ)	ਭਾਉ (ਰੱਬੀ-ਡਰ)
ਅਗਨੀ	ਤਪ-ਤਾਉ (ਕਰੜੀ-ਘਾਲਣਾ, ਗੁਰੂ ਦੀ ਦੱਸੀ ਸੇਵਾ)
ਭਾਂਡਾ (ਕੁਠਾਲੀ)	ਭਾਉ (ਪ੍ਰੇਮ)
ਲੋੜੀਂਦਾ ਮਸਾਲਾ (ਸੁਹਾਗਾ ਆਦਿ)	ਅੰਮ੍ਰਿਤ-ਨਾਮ
ਕੋਈ ਧਾਤ	ਸ਼ਬਦ (ਸੰਕਲਪ ਕਰਨ ਵਾਲਾ—ਮਨ)

ਨੋਟ : ਇਥੇ 'ਸਬਦੁ' ਤੋਂ ਭਾਵ ਗੁਰ-ਸ਼ਬਦ ਨਹੀਂ, ਇਥੇ 'ਸਬਦੁ' ਦਾ ਅਰਥ ਹੈ 'ਸੰਕਲਪ ਕਰਨ ਵਾਲਾ—ਮਨ'।

ਮਨ ਦੀ ਅਨੂਠੀ ਘਾੜਤ ਘੜਨ ਦੀ ਨਾ ਤਾਂ ਕਿਸੇ ਦੀ ਰੁਚੀ ਹੁੰਦੀ ਹੈ ਅਤੇ ਨਾ ਹੀ ਕਿਸੇ ਅੰਦਰ ਏਨੀ ਸਮਰੱਥਾ ਹੁੰਦੀ ਹੈ। ਮਨ ਨੂੰ ਘੜਨ ਦੀ ਵਿਲੱਖਣ ਅਤੇ ਵਚਿੱਤ੍ਰ ਕਾਰ ਉਹਨਾਂ ਵਡਭਾਗੇ ਮਨੁੱਖਾਂ ਨੂੰ ਨਸੀਬ ਹੁੰਦੀ ਹੈ ਜਿਨ੍ਹਾਂ ਉਤੇ ਕਰਤਾ ਪੁਰਖ ਦੀ ਮਿਹਰ ਦੀ ਨਜ਼ਰ ਹੋਵੇ। ਜਿਨ੍ਹਾਂ ਦਾ ਮਨ ਰੱਬੀ-ਟਕਸਾਲ ਵਿਚ ਘੜਿਆ ਜਾਂਦਾ ਹੈ, ਉਹਨਾਂ ਨੂੰ ਨਦਰਾਲੂ ਪ੍ਰਭੂ ਮਿਹਰ ਦੀ ਨਦਰਿ ਨਾਲ ਨਿਹਾਲੋ ਨਿਹਾਲ ਕਰ ਦੇਂਦਾ ਹੈ।

ਅੰਤਮ ਸਲੋਕੁ

ਮਨੁੱਖੀ ਸ਼ਖ਼ਸੀਅਤ ਦੇ ਦੋ ਪ੍ਰਮੁਖ ਅੰਗ ਹਨ—ਸਰੀਰ ਅਤੇ ਆਤਮਾ। ਜਿਵੇਂ

ਮਨੁੱਖੀ ਸ਼ਖ਼ਸੀਅਤ ਦੇ ਬਾਹਰਮੁਖੀ ਅੰਗ—ਸਰੀਰ—ਲਈ ਪ੍ਰਾਣ ਗੌਰਵ-ਮਈ ਅਨਸਰ ਹੈ, ਜਿਵੇਂ ਪਾਣੀ ਦਾ ਪਿਤਾ ਸਮਾਨ ਅਤੇ ਧਰਤੀ ਦਾ ਮਾਤਾ ਸਮਾਨ ਮਹੱਤਵ ਹੈ, ਤਿਵੇਂ ਹੀ ਅੰਤਰ-ਮੁਖੀ ਅੰਗ ਆਤਮਾ ਲਈ ਗੁਰ-ਸ਼ਬਦ ਗੁਰੂ ਹੈ, ਪਾਣੀ (ਨਾਮ-ਜਲ) ਅਤੇ ਧਰਤੀ (ਧੀਰਜ ਅਤੇ ਨਿਮਤਾ) ਮਹੱਤਵ ਪੂਰਣ ਹੈ।

ਪਉਣੁ ਗੁਰੂ ਗੁਰ ਸਬਦ ਹੈ ਵਾਹਿਗੁਰੂ ਗੁਰ ਸਬਦ ਸੁਣਾਇਆ॥
ਪਾਣੀ ਪਿਤਾ ਪਵਿਤ੍ਰੁ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ॥
ਧਰਤੀ ਮਾਤ ਮਹਤ ਕਰ ਓਤ ਪੋਤ ਸੰਜੋਗ ਬਣਾਇਆ॥

(ਵਾਰ ੬, ਪਉੜੀ ੫, ਭਾਈ ਗੁਰਦਾਸ ਜੀ)

ਦੋ ਕਾਲ-ਟੋਟੇ ਦਿਨ ਅਤੇ ਰਾਤਿ ਜੀਵਾਂ ਦੇ ਸੁਖ-ਅਰਾਮ ਲਈ ਦਾਇਆ ਅਤੇ ਦਾਈ ਦਾ ਕਰਤਵ ਨਿਭਾਉਂਦੇ ਹਨ। ਸਾਰਾ ਸੰਸਾਰ ਇਹਨਾਂ ਜਾਨ-ਸੁਖਾਲਿਆਂ ਦੀ ਗੋਦ ਵਿਚ ਸੁਖ ਮਾਣਦਾ ਹੋਇਆ ਜੀਵਨ-ਖੇਡ ਖੇਡਦਾ ਹੈ।

ਜੀਵਨ-ਖੇਡ ਵਿਚਲੀ ਮਨੁੱਖ ਦੀ ਹਰੇਕ ਕਰਣੀ; ਚੰਗੀ ਜਾਂ ਮੰਦੀ ਦਾ ਲੇਖਾ-ਜੋਖਾ ਧਰਮ ਰਾਇ ਦੀ ਹਜ਼ੂਰੀ ਵਿਚ ਅਵੱਸ਼ ਹੀ ਹੁੰਦਾ ਹੈ। ਆਪੋ ਆਪਣੀ ਚੰਗੀ ਜਾਂ ਮੰਦੀ ਕਰਣੀ-ਕਰਤੂਤ ਮੁਜਬ ਹਰੇਕ ਜੀਵ ਨੂੰ ਰੱਬੀ ਨੇੜਤਾ ਜਾਂ ਦੂਰੀ ਪ੍ਰਾਪਤ ਹੁੰਦੀ ਹੈ।

ਮਨੁੱਖੀ ਜੀਵਨ ਦਾ ਮੁਖ ਮਨੋਰਥ ਨਾਮ ਜਪਣਾ ਹੈ। ਜੋ ਮਨੁੱਖ ਨਾਮ ਜਪਦੇ ਹਨ, ਉਹ ਹੀ ਸਫਲ ਘਾਲ ਘਾਲਦੇ ਹਨ। ਉਹਨਾਂ ਨੂੰ ਹਲਤ ਪਲਤ ਵਿਚ ਸੁਰਖ਼ਰੂਈ ਮਿਲਦੀ ਹੈ। ਏਥੇ ਹੀ ਬਸ ਨਹੀਂ, ਉਹਨਾਂ ਦੀ ਘਾਲਣਾ ਸਦਕਾ ਅਣਗਿਣਤ ਜੀਵਾਂ ਦਾ ਆਵਾ-ਗਵਨ ਤੋਂ ਛੁਟਕਾਰਾ ਹੋ ਜਾਂਦਾ ਹੈ।

SIKHBOOKCLUB.COM

ਗੁਰਬਾਣੀ ਦੀਆਂ ਮੂਲ-ਤੁਕਾਂ ਹੇਠ ਟਿਪਣੀਆਂ ਵਿਚ ਉਚਾਰਣ ਲਈ ਦਿੱਤੀ ਗਈ ਸੇਧ ਸੰਬੰਧੀ ਵਿਆਕਰਣਿਕ ਸ਼ਬਦਾਵਲੀ ਦੀ ਵਿਆਖਿਆ

ਜਿਨ੍ਹਾਂ ਸਾਧਾਰਨ ਪਾਠਕਾਂ ਨੂੰ ਪੰਜਾਬੀ ਵਿਆਕਰਣ ਅਥਵਾ ਗੁਰਬਾਣੀ ਵਿਆਕਰਣ ਬਾਰੇ ਜਾਣਕਾਰੀ ਨਹੀਂ, ਉਨ੍ਹਾਂ ਦੇ ਸੌਖ ਲਈ ਪੁਸਤਕ ਵਿਚ ਉਚਾਰਣ ਸੰਬੰਧੀ ਵਰਤੀ ਗਈ ਵਿਆਕਰਣਿਕ ਸ਼ਬਦਾਵਲੀ ਬਾਰੇ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਜਾਂਦੀ ਹੈ:

ਧੁਨੀ—ਧੁਨੀ ਦਾ ਅਰਥ ਹੈ ਅਵਾਜ਼ (Sound)। ਭਾਸ਼ਾ (ਬੋਲੀ) ਧੁਨੀਆਂ ਤੋਂ ਬਣਦੀ ਹੈ। ਧੁਨੀਆਂ ਦੇ ਪ੍ਰਗਟਾਅ ਲਈ ਧੁਨੀ-ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਨੂੰ ਲਿੱਪੀ ਵਿਚ 'ਅੱਖਰ' ਜਾਂ 'ਵਰਣ' ਕਹੀਦਾ ਹੈ। ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਵਰਤੀ ਸਮੱਗਰ ਚਿੰਨ੍ਹਾਵਲੀ ਨੂੰ 'ਲਿੱਪੀ' ਆਖੀਦਾ ਹੈ।

ਸੁਰ—ਪੰਜਾਬੀ ਲਿੱਪੀ ਦੇ ਪੈਂਤੀ ਅੱਖਰਾਂ ਵਿਚ 'ੳ, ਅ, ੲ' ਇਹ ਤਿੰਨੇ *ਸੁਰ-ਅੱਖਰ ਮੰਨੇ ਜਾਂਦੇ ਹਨ (ਬਾਕੀ ੩੨ ਅੱਖਰ ਵਿਅੰਜਨ ਕਹੀਦੇ ਹਨ)। ਇਨ੍ਹਾਂ ਸੁਰ-ਅੱਖਰਾਂ ਨਾਲ ਨਿਸਚਿਤ ਚਿੰਨ੍ਹ (ਲਗਾਂ) ਲਾਉਣ ਨਾਲ ਹੇਠ-ਲਿਖੇ ਦਸ ਸੁਰ ਬਣਦੇ ਹਨ:

ਅ (ਮੁਕਤਾ), ਆ, ਇ, ਈ, ੳ, ਊ, ਏ, ਐ, ਓ, ਔ।

ਉਪ੍ਰੋਕਤ ਸੁਰ ਜਦੋਂ ਵਿਅੰਜਨ ਅੱਖਰਾਂ ਨਾਲ ਲਗਦੇ ਹਨ ਤਾਂ ਸੁਰ-ਅੱਖਰਾਂ ਦਾ ਲੋਪ ਹੋ ਜਾਂਦਾ ਹੈ ਅਤੇ ਕੇਵਲ ਚਿੰਨ੍ਹ (ਲਗਾਂ) ਹੀ ਵਿਅੰਜਨ ਅੱਖਰਾਂ ਨਾਲ ਵਰਤੀਂਦੇ ਹਨ। ਜਿਵੇਂ—ਸੀਸ, ਕੀਮਤ, ਚੀਤ, ਜੀਤ। (ਸੁਰ ਦਾ ਪੂਰਾ ਸਰੂਪ 'ਈ' ਹੈ। ਵਿਅੰਜਨ ਅੱਖਰਾਂ ਨਾਲ ਵਰਤੇ ਜਾਣ ਸਮੇਂ 'ੲ' ਦਾ ਲੋਪ ਹੋ ਗਿਆ ਹੈ ਅਤੇ ਕੇਵਲ ' ੀ ' ਚਿੰਨ੍ਹ ਹੀ ਵਿਅੰਜਨ ਅੱਖਰਾਂ ਨੂੰ ਲਗਾ ਹੈ)।

(*ਨੋਟ*—ਚੂੰਕਿ ਉਪਰ ਸੰਕੇਤ ਕੀਤੇ ਚਿੰਨ੍ਹ ਅੱਖਰਾਂ ਨਾਲ ਲਗ ਕੇ ਵਰਤੋਂ ਵਿਚ ਆਉਂਦੇ ਹਨ, ਇਸ ਲਈ ਇਨ੍ਹਾਂ ਨੂੰ ਲਗਾਂ ਕਹੀਦਾ ਹੈ।)

ਉਪ੍ਰੋਕਤ ਸੁਰਾਂ ਵਿਚੋਂ ਜਦੋਂ ਕੋਈ ਕਿਸੇ ਸ਼ਬਦ ਦੇ ਅੰਤਲੇ ਅੱਖਰ ਨਾਲ ਲਗਿਆ ਹੋਵੇ ਤਾਂ ਉਸ ਨੂੰ ਅੰਤਲਾ-ਸੁਰ ਆਖੀਦਾ ਹੈ, ਜਿਵੇਂ:

---

* ਜਿਨ੍ਹਾਂ ਧੁਨੀਆਂ ਦਾ ਉਚਾਰਣ ਕਰਨ ਲਗਿਆਂ ਸੰਘ ਜਾਂ ਮੂੰਹ ਵਿਚਲੇ ਕੋਈ ਦੋ ਅੰਗ ਆਪਸ ਵਿਚ ਸਪਰਸ਼ ਨਾ ਕਰਨ, ਉਹ ਸੁਰ-ਧੁਨੀਆਂ ਕਹੀਦੀਆਂ ਹਨ। ਮੁਕਤਾ, ਇ, ੳ (ਹ੍ਰਸ੍ਵ) ਸੁਰ ਆਖੀਦੇ ਹਨ, ਜਦ ਕਿ ਆ, ਈ, ਊ, ਏ, ਐ, ਓ, ਔ ਦੀਰਘ ਸੁਰ ਕਹੀਦੇ ਹਨ।

- ਵਡਿਆਈਆ, ਖੰਡਾ, ਗੁਣਵੰਤਿਆ, ਭਗਤਾ, ਪੰਚਾ, ਗਲਾ ਆਦਿ ਸ਼ਬਦਾਂ ਵਿਚ 'ਆ' (ਾ) ਅੰਤਲਾ ਸੂਰ ਹੈ।
- ਮੂਰਤਿ, ਪ੍ਰਸਾਦਿ, ਹੁਕਮਿ, ਦਾਤਿ, ਕੋਟਿ ਆਦਿ ਸ਼ਬਦਾਂ ਵਿਚ ' ਿ ' ਅੰਤਲਾ ਸੂਰ ਹੈ।
- ਕੋਟੀ, ਅਖਰੀ, ਪੰਡਤੀ, ਮਤੀ, ਸਬਦੀ ਆਦਿ ਸ਼ਬਦਾਂ ਵਿਚ ' ੀ ' ਅੰਤਲਾ ਸੂਰ ਹੈ।
- ਘਰਹੁ, ਸਿਰਹੁ, ਦਿਲਹੁ, ਹਥਹੁ ਆਦਿ ਸ਼ਬਦਾਂ ਵਿਚ ਔਂਕੜ ' ੁ ' ਅੰਤਲਾ ਸੂਰ ਹੈ।
- ਕਰਹਿ, ਬੋਲਹਿ, ਸੁਣਹਿ, ਵੇਖਹਿ ਆਦਿ ਕਿਰਿਆਵੀ ਸ਼ਬਦਾਂ ਵਿਚ 'ਿ' ਅੰਤਲਾ ਸੂਰ ਹੈ।
- ਨਾਉ, ਥਾਉ, ਕਾਉ, ਸਾਉ ਆਦਿ ਸ਼ਬਦਾਂ ਵਿਚ 'ਉ' ਅੰਤਲਾ ਸੂਰ ਹੈ।

ਗੁਰਬਾਣੀ ਅੰਦਰ ਸ਼ਬਦਾਂ ਦੇ ਅੰਤਲੇ ਅੱਖਰ ਨਾਲ, ਲਗਾਂ ਮਾਤ੍ਰਾਂ ਦੇ ਰੂਪ ਵਿਚ ਲਗੇ ਵਿਆਕਰਣਿਕ ਚਿੰਨ੍ਹ ਬਝਵੇਂ ਨੇਮਾਂ ਅਧੀਨ ਲਗੇ ਹੋਏ ਹਨ। ਇਨ੍ਹਾਂ ਦਾ ਜਿਥੇ ਅਰਥਾਂ ਨਾਲ ਗੂੜ੍ਹਾ ਸੰਬੰਧ ਹੈ, ਉਥੇ ਉਚਾਰਣ ਦਾ ਵੀ ਇਹ ਅਨਿਖੜਵਾਂ ਭਾਗ ਹਨ।

ਨਾਸਕੀ ਉਚਾਰਣ—ਉਚਾਰਣ ਕਰਨ ਲਗਿਆਂ ਜਦੋਂ ਕਿਸੇ ਵਿਅੰਜਨ ਜਾਂ ਸੂਰ ਦੀ ਧੁਨੀ ਨਾਸਾਂ ਰਾਹੀਂ ਨਿਕਲੇ, ਅਥਵਾ, ਅਵਾਜ਼ ਵਿਚ ਅਨੁਸੂਰ (ਟਿੱਪੀ ਜਾਂ ਬਿੰਦੀ ਦੀ ਧੁਨੀ) ਹੋਵੇ, ਤਾਂ ਅਜਿਹਾ ਉਚਾਰਣ ਨਾਸਕੀ ਆਖੀਦਾ ਹੈ।

ਦੁੱਤ ਉਚਾਰਣ—ਜਦੋਂ ਕਿਸੇ ਸ਼ਬਦ ਵਿਚਲੇ ਕਿਸੇ ਨਿਸਚਿਤ ਅੱਖਰ ਦੀ ਧੁਨੀ ਉੱਤੇ ਵਿਸ਼ੇਸ਼ ਬਲ ਦੇ ਕੇ, ਅਥਵਾ ਉਸ ਦੀ ਧੁਨੀ ਦਾ ਦੁੱਤ ਕਰ ਕੇ ਉਚਾਰਣ ਕੀਤਾ ਜਾਏ ਤਾਂ ਅਜਿਹੇ ਉਚਾਰਣ ਨੂੰ 'ਦੁੱਤ ਉਚਾਰਣ' ਕਿਹਾ ਜਾਂਦਾ ਹੈ। ਅਜੋਕੀ ਪੰਜਾਬੀ ਵਿਚ ਜਿਸ ਅੱਖਰ ਦੀ ਧੁਨੀ ਦੁੱਤ ਕਰਨੀ ਹੋਵੇ, ਉਸ ਦੇ ਅਤੇ ਉਸ ਦੇ ਪਹਿਲੇ ਅੱਖਰ ਦੇ ਵਿਚਕਾਰ ਉਪਰਲੇ ਪਾਸੇ ਅੱਧਕ (ੱ) ਲਾ ਦਿੱਤੀ ਜਾਂਦੀ ਹੈ; ਜਿਵੇਂ—ਮਸਕਤਿ (ਮਸੱਕਤਿ), ਸਰਬਤ (ਸਰਬੱਤ), ਉਚਕਾ (ਉਚੱਕਾ), ਕੁਸਤ (ਕੁਸੱਤ), ਸੁਚਜੀ (ਸੁਚੱਜੀ), ਮੁਕਦਮ (ਮੁਕੱਦਮ), ਮੁਸਲਾ (ਮੁਸੱਲਾ), ਸਵਲੀ (ਸਵੱਲੀ), ਦੁਲਭ (ਦੁਲੱਭ) ਆਦਿ। ਜਦੋਂ ਇਹਨਾਂ ਅਤੇ ਅਜਿਹੇ ਸ਼ਬਦਾਂ ਦੇ ਉਚਾਰਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਮਹਿਸੂਸ ਹੁੰਦਾ ਹੈ ਕਿ ਅੱਧਕ (ੱ) ਦੇ ਦੋਹਾਂ ਪਾਸਿਆਂ ਵਾਲੇ ਅੱਖਰਾਂ 'ਤੇ ਦਬਾਅ ਦਾਂ ਪ੍ਰਭਾਵ ਪੈਂਦਾ ਹੈ, ਸੱਜੇ ਪਾਸੇ ਵਾਲੇ ਅੱਖਰ 'ਤੇ ਕੁਝ ਵਧੇਰੇ ਅਤੇ ਖੱਬੇ ਪਾਸੇ ਵਾਲੇ 'ਤੇ ਕੁਝ ਘੱਟ।

ਦੁੱਤ ਅੱਖਰ—(ੳ) ਉਪਰ-ਥਲੇ ਲਿਖੇ ਦੋ ਅੱਖਰਾਂ ਦੇ ਜੁੱਟ ਨੂੰ 'ਦੁੱਤ' ਕਹੀਦਾ ਹੈ। ਉਚਾਰਣ ਕਰਨ ਲਗਿਆਂ ਦੁੱਤ ਦੇ ਦੋਹਾਂ ਅੱਖਰਾਂ ਦੀ ਧੁਨੀ ਦਾ ਉਚਾਰਣ ਮਿਲਵਾਂ ਅਤੇ ਕੋਮਲ ਹੁੰਦਾ ਹੈ। ਦੁੱਤ ਨੂੰ ਲਗੀ ਲਗ ਦਾ ਉਚਾਰਣ ਪੈਰ-ਚਿੰਨ੍ਹ ਵਜੋਂ ਆਏ ਅੱਖਰ ਨਾਲ ਹੁੰਦਾ ਹੈ।

(ਅ) ਪੈਰ-ਚਿੰਨ੍ਹ ਵਜੋਂ ਵਰਤੇ ਅਰਧ-ਸੂਰ 'ਵ' ਦੀ ਬਦਲਵੀਂ ਲਗ-ਮਾਤ੍ਰੀ ਸੂਰ-ਧੁਨੀ

 www.sikhbookclub.com

(ੳ – ਅ) ਹੁੰਦੀ ਹੈ, ਜਦ ਕਿ ਅਰਧ-ਸੂਰ 'ਯ' ਦੀ ਬਦਲਵੀਂ ਲਗ-ਮਾੜ੍ਹੀ ਸੂਰ-ਧੁਨੀ (ਇ + ਅ) ਹੁੰਦੀ ਹੈ।

ਵਿਸ਼ੇਸ਼ ਧੁਨੀ—ਪੰਜਾਬੀ ਲਿੱਪੀ ਦੇ ਪੰਜ ਅੱਖਰਾਂ (ਸ, ਖ, ਗ, ਜ, ਫ) ਦੀਆਂ ਦੋ ਦੋ ਧੁਨੀਆਂ ਹਨ। ਇਨ੍ਹਾਂ ਅੱਖਰਾਂ ਦੀ ਇਕ ਧੁਨੀ ਤਾਂ ਮੂਲਕ ਹੈ, ਪਰ ਦੂਜੀ 'ਵਿਸ਼ੇਸ਼ ਧੁਨੀ' ਨੂੰ ਦਰਸਾਉਣ ਲਈ ਅੱਜ-ਕੱਲ੍ਹ ਦੀ ਪੰਜਾਬੀ ਲਿੱਪੀ ਵਿਚ ਉਪਰੋਕਤ ਅੱਖਰਾਂ ਦੇ ਥਲੇ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ (ਸ਼, ਖ਼, ਗ਼, ਜ਼, ਫ਼)। ਇਨ੍ਹਾਂ ਅੱਖਰਾਂ ਦਾ, ਥਲੜੀ ਬਿੰਦੀ ਸਹਿਤ ਉਚਾਰਣ ਦੱਸਣ ਨੂੰ ਇਹਨਾਂ ਅੱਖਰਾਂ ਦੀ 'ਵਿਸ਼ੇਸ਼ ਧੁਨੀ' ਕਿਹਾ ਗਿਆ ਹੈ।

ਹ—'ਸਹਜ', 'ਸਹਸਾ', 'ਜਹ', 'ਕਰਹ' ਸ਼ਬਦਾਂ ਵਿਚ 'ਹ' ਮੁਕਤਾ (ਲਗ-ਰਹਿਤ) ਹੈ, ਪਰ ਇਸ ਦਾ ਉਚਾਰਣ ਬਹੁਤ ਕਰਕੇ ('ਹਿ') ਵਾਂਗ ਕੀਤਾ ਜਾਣਾ ਪ੍ਰਚਲਤ ਹੈ, ਜੋ ਠੀਕ ਨਹੀਂ। 'ਹ' (ਮੁਕਤਾ) ਦੀ ਧੁਨੀ ਖੜੀ-ਤੜੀ ਹੁੰਦੀ ਹੈ।

ਭਾਰ ਸਹਿਤ—'ਹ' ਅੱਖਰ ਜਦੋਂ ਆਪਣੇ ਛੋਟੇ ਆਕਾਰ ਅਥਵਾ ਚਿੰਨ੍ਹ-ਰੂਪ ਵਿਚ, ਕਿਸੇ ਅੱਖਰ ਦੇ ਪੈਰ ਵਿਚ 'ਦੁੱਤ-ਅੱਖਰ' ਦੇ ਤੌਰ 'ਤੇ ਵਰਤਿਆ ਜਾਵੇ ਤਾਂ ਇਸ ਦੇ ਫਲ-ਸਰੂਪ ਸੰਬੰਧਤ ਅੱਖਰ ਦੀ ਧੁਨੀ ਭਾਰੀ ਹੋ ਜਾਂਦੀ ਹੈ। ਸੋ 'ਭਾਰ ਸਹਿਤ ਉਚਾਰਣ' ਦਾ ਭਾਵ ਹੈ ਕਿ ਇਸ ਅੱਖਰ ਨੂੰ ਪੈਰ-ਚਿੰਨ੍ਹ (ੱ) ਦੀ ਸੂਰ-ਧੁਨੀ ਸਹਿਤ ਉਚਾਰਨਾ ਹੈ।

ਸਮਾਸੀ ਸ਼ਬਦ—ਜਦੋਂ ਦੋ ਵਖ ਵਖ ਸ਼ਬਦਾਂ ਦਾ, ਉਨ੍ਹਾਂ ਦੇ ਅਗਲੇ ਪਿਛਲੇ ਹਿੱਸੇ ਵਿਚ ਕੋਈ ਵਾਧਾ ਘਾਟਾ ਕੀਤੇ ਬਗ਼ੈਰ, ਉਨ੍ਹਾਂ ਦੇ ਸਗਵੇਂ ਰੂਪ ਵਿਚ, ਇਕ ਸਾਂਝਾ (ਸੰਜੁਕਤ) ਸ਼ਬਦ-ਜੁੱਟ ਬਣਾਇਆ ਜਾਵੇ ਤਾਂ ਉਸ ਨੂੰ 'ਸਮਾਸੀ ਸ਼ਬਦ' ਕਿਹਾ ਜਾਂਦਾ ਹੈ; ਜਿਵੇਂ—ਗੁਰ-ਬਾਣੀ, ਨਾਮ-ਰਸ, ਗੁਰ-ਸਿਖ, ਹਰਾਮ-ਖ਼ੋਰ, ਬੋਲ-ਵਿਗਾੜ, ਗਲ-ਵਢ, ਆਤਮ-ਗਿਆਨ, ਧਰਮ-ਖੰਡ, ਗਿਆਨ-ਖੰਡ, ਸਰਮ-ਖੰਡ, ਕਰਮ-ਖੰਡ, ਸਚ-ਖੰਡ ਆਦਿ। ਅਜਿਹੇ ਸ਼ਬਦ-ਜੁਟ ਦਾ ਉਚਾਰਣ ਇਕੱਠਾ ਕਰਨ ਨਾਲ ਅਰਥ ਨਿਖਰਦਾ ਹੈ।

ਨੋਟ ੧. : ਵਧੇਰੇ ਜਾਣਕਾਰੀ ਲਈ ਪੜ੍ਹੋ—*ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ ਭਾਗ ੨—ਗੁਰਬਾਣੀ ਉਚਾਰਣ* ।

ਨੋਟ ੨. : ਤੁਕਾਂ ਵਿਚ ਅਰਧ-ਬਿਸ੍ਰਾਮ ਲਈ ਚਿੰਨ੍ਹ ',' ਲਾਇਆ ਗਿਆ ਹੈ, ਪਰ ਜਿਹੜੀ ਤੁਕ ਵਿਚ ਅਰਥ-ਭਾਵ ਨੂੰ ਵਧੇਰੇ ਸਪੱਸ਼ਟ ਕਰਨ ਲਈ ਕਿਧਰੇ ਹੋਰ ਬਿਸ੍ਰਾਮ ਦੀ ਲੋੜ ਭਾਸੀ ਹੈ, ਓਥੇ ਅਜਿਹਾ ਹੀ ਚਿੰਨ੍ਹ ਛਿਕੇ ਰੂਪ ਵਿਚ ' ; ' ਲਾਇਆ ਗਿਆ ਹੈ।

ਜਪੁ ਜੀ ਸਾਹਿਬ

ਸਰਲ ਸਟੀਕ

SIKHBOOKCLUB.COM

ੴ

(੧—ਉਚਾਰਣ 'ਇਕ'। ੴ—ਉਚਾਰਣ 'ਓਅੰਕਾਰ'।)

ਸਤਿ ਨਾਮੁ

ਕਰਤਾ ਪੁਰਖੁ[1]

ਨਿਰਭਉ ਨਿਰਵੈਰੁ

SIKHBOOKCLUB.COM

ਅਕਾਲ ਮੂਰਤਿ

ਅਜੂਨੀ ਸੈਭੰ[2]

ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ, ਜੁਗਾਦਿ ਸਚੁ ॥

---

੧. ਵਿਆਪਕ। ੨. ਸੁਤੇ-ਪ੍ਰਕਾਸ਼।

ਸਿਰਜਨਾਤਮਿਕ ਅਤੇ ਵਿਆਪਕ-ਸੱਤਾ-ਸੰਪੰਨ ਬ੍ਰਹਮ ਕੇਵਲ ਇਕ (ਅਦੁੱਤੀ) ਹੈ।

(ਸਤਿ-ਸਰੂਪ ਓਅੰਕਾਰ ਬ੍ਰਹਮ ਦਾ) ਨਾਮ (ਵੀ) ਸਤਿ-ਸਰੂਪ (ਸਦੀਵੀ ਹੋਂਦ ਵਾਲਾ) ਹੈ।

(ਓਅੰਕਾਰ ਬ੍ਰਹਮ ਸਾਰੀ ਦ੍ਰਿਸ਼ਟ ਅਦ੍ਰਿਸ਼ਟ ਰਚਨਾ ਦਾ) ਕਰਨਹਾਰ ਹੈ (ਅਤੇ ਆਪਣੀ ਰਚਨਾ ਵਿਚ ਵੀ) ਵਿਆਪਕ ਹੈ।

(ਓਅੰਕਾਰ ਬ੍ਰਹਮ) ਡਰ ਤੋਂ ਰਹਿਤ ਹੈ (ਕਿਉਂਜੁ ਉਸ ਜਿੱਡਾ ਕੋਈ ਹੋਰ ਹੈ ਈ ਨਹੀਂ)। ਉਹ ਵੈਰ-ਭਾਵਨਾ ਤੋਂ ਰਹਿਤ ਹੈ (ਕਿਉਂਜੁ ਉਸ ਤੋਂ ਵੱਖਰਾ ਕੋਈ ਹੈ ਈ ਨਹੀਂ)।

(ਓਅੰਕਾਰ ਬ੍ਰਹਮ ਦੀ) ਮੂਰਤੀ (ਨੂਰੀ ਹੋਂਦ-ਹਸਤੀ) ਕਾਲ ਦੇ ਪ੍ਰਭਾਵ ਤੋਂ ਮੁਕਤ ਹੈ।

(ਓਅੰਕਾਰ ਬ੍ਰਹਮ) ਜੂਨ-ਜਨਮ ਤੋਂ ਰਹਿਤ ਹੈ, ਸੁਤੇ-ਪ੍ਰਕਾਸ਼ (ਆਪਣੇ ਆਪ ਤੋਂ ਹੋਂਦ ਵਿਚ ਆਇਆ ਹੋਇਆ) ਹੈ।

(ਓਅੰਕਾਰ ਬ੍ਰਹਮ ਦਾ ਗਿਆਨ ਅਥਵਾ ਉਸ ਦੀ ਪ੍ਰਾਪਤੀ) ਗੁਰੂ ਦੇ ਪ੍ਰਸਾਦ (ਫ਼ਜ਼ਲ) ਦੁਆਰਾ (ਹੀ ਸੰਭਵ) ਹੈ।

ਬਾਣੀ ਦਾ ਸਿਰਲੇਖ।

(ਓਅੰਕਾਰ ਬ੍ਰਹਮ ਸ੍ਰਿਸ਼ਟੀ-ਰਚਨਾ ਦੇ) ਅਰੰਭ ਤੋਂ ਪਹਿਲਾਂ ਸੱਚ (ਨੂਰੀ ਹੋਂਦ ਵਾਲਾ) ਸੀ, ਜੁਗਾਂ (ਕਾਲ-ਰਚਨਾ) ਦੇ ਅਰੰਭ ਤੋਂ ਪਹਿਲਾਂ ਸੱਚ (ਨੂਰੀ ਹੋਂਦ ਵਾਲਾ) ਸੀ।

ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥

ਸੋਚੈ[੧] ਸੋਚਿ[੨] ਨ ਹੋਵਈ, ਜੇ[੩] ਸੋਚੀ[੪] ਲਖ ਵਾਰ ॥

(ਸੋਚੀ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਚੁਪੈ ਚੁਪ ਨ ਹੋਵਈ, ਜੇ ਲਾਇ ਰਹਾ [੫]ਲਿਵ ਤਾਰ ॥

(ਰਹਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ[੬] ॥

(ਭੁਖਿਆ, ਬੰਨਾ, ਪੁਰੀਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ। ਬੰਨਾ—'ਨ' ਦਾ ਉਚਾਰਣ ਭਾਰ ਸਹਿਤ।)

ਸਹਸ[੭] ਸਿਆਣਪਾ ਲਖ ਹੋਹਿ, ਤ ਇਕ ਨ ਚਲੈ ਨਾਲਿ ॥

(ਸਹਸ—'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ। ਸਿਆਣਪਾ, ਹੋਹਿ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਕਿਵ ਸਚਿਆਰਾ[੮] ਹੋਈਐ, ਕਿਵ ਕੂੜੈ ਤੁਟੈ ਪਾਲਿ[੯] ॥

(ਸਚਿਆਰਾ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਗ਼ੈਰ।)

ਹੁਕਮਿ ਰਜਾਈ[੧੦] ਚਲਣਾ, ਨਾਨਕ ਲਿਖਿਆ ਨਾਲਿ ॥੧॥

(ਰਜਾਈ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਗ਼ੈਰ।)

---

੧. ਸੁੱਚ-ਪਵਿਤਰਤਾ ਕਰਨ ਨਾਲ। ੨. ਸੁੱਚਮਤਾ। ੩. ਜੇਕਰ, ਭਾਵੇਂ। ੪. ਮੈਂ ਸੁੱਚਮਤਾ ਕਰੀ ਜਾਵਾਂ। ੫. ਬਿਰਤੀ ਦੀ ਇਕ-ਰਸ ਇਕਾਗਰਤਾ। ੬. ਬੋਝਲ ਪੰਡਾਂ। ੭. ਹਜ਼ਾਰਾਂ।

ਹੁਣ (ਵਰਤਮਾਨ ਕਾਲ ਵਿਚ) ਵੀ ਸੱਚ (ਨੂਰੀ ਹੋਂਦ ਵਾਲਾ) ਹੈ, 'ਨਾਨਕ' (ਮੁਹਰ ਛਾਪ) ਆਉਣ ਵਾਲੇ ਸਮੇਂ ਵਿਚ ਵੀ ਸੱਚ (ਨੂਰੀ ਹੋਂਦ ਵਾਲਾ) ਹੋਵੇਗਾ ॥੧॥
(ਸਮੁੱਚਾ ਭਾਵ—ਓਅੰਕਾਰ ਬ੍ਰਹਮ ਦੀ ਨੂਰੀ ਹੋਂਦ ਸਦੀਵੀ ਹੈ।)

(ਬਾਹਰਲੀ) ਸੁੱਚ-ਪਵਿੱਤ੍ਰਤਾ ਕੀਤੇ ਜਾਣ ਨਾਲ (ਮਨ ਦੀ) ਸੁੱਚ ਨਹੀਂ ਹੋ ਸਕਦੀ, ਭਾਵੇਂ ਮੈਂ (ਬਾਹਰਲੀ) ਸੁੱਚ ਲੱਖਾਂ ਵਾਰੀ ਕਰੀ ਜਾਵਾਂ।

(ਬਾਹਰੋਂ ਮੂੰਹ ਤੋਂ) ਮੌਨ ਧਾਰਨ ਕੀਤੇ ਜਾਣ ਨਾਲ (ਅੰਦਰਲੇ ਮਨ ਦੀ) ਚੁਪ (ਸੰਕਲਪਾਂ ਵਿਕਲਪਾਂ ਤੋਂ ਖਲਾਸੀ) ਨਹੀਂ ਹੋ ਸਕਦੀ, ਭਾਵੇਂ ਮੈਂ ਇਕ-ਟਕ ਮੌਨ-ਸਮਾਧੀ ਲਾਈ ਰਖਾਂ।

(ਸਰੀਰ ਕਰਕੇ) ਨਿਰ-ਅਹਾਰ ਰਹਿਣ ਨਾਲ (ਮਨ ਦੀ) ਤ੍ਰਿਸ਼ਨਾ-ਭੁਖ ਦੂਰ ਨਹੀਂ ਹੋ ਸਕਦੀ, ਭਾਵੇਂ ਮੈਂ (ਇਕ ਪਾਸੇ, ਬਾਹਰਮੁਖੀ ਮਾਇਕੀ ਪਦਾਰਥਾਂ ਤੋਂ ਪੂਰਨ ਸੰਕੋਚ ਕਰੀ ਰਖਾਂ ਅਤੇ ਦੂਜੇ ਪਾਸੇ) ਮੈਂ ਸਾਰੀਆਂ ਪੁਰੀਆਂ (ਬ੍ਰਹਮੰਡ-ਭਵਨਾਂ ਦੇ ਮਾਇਕੀ ਪਦਾਰਥਾਂ) ਦੀਆਂ ਬੋਝਲ ਪੰਡਾਂ ਬੰਨ੍ਹ ਲਵਾਂ।

ਹਜ਼ਾਰਾਂ (ਸਰੀਰਾਂ) ਲੱਖਾਂ ਹੀ ਸਿਆਣਪਾਂ (ਭਾਵੇਂ ਪੱਲੇ) ਹੋਣ, ਪਰ (ਸਚਿਆਰ ਹੋਣ ਲਈ) ਇਕ (ਸਿਆਣਪ) ਵੀ ਨਾਲ ਨਹੀਂ ਚਲਦੀ (ਕਾਰਗਰ ਨਹੀਂ ਹੁੰਦੀ)।

(ਪ੍ਰਸ਼ਨ ਹੈ) ਫਿਰ ਸਚਿਆਰ (ਸੱਚ ਦਾ ਧਾਰਨੀ) ਕਿਵੇਂ ਹੋਈਏ ? (ਪਰਮ-ਆਤਮਾ ਅਤੇ ਜੀਵ-ਆਤਮਾ ਦੇ ਵਿਚਕਾਰ ਪਈ) ਕੂੜ ਦੀ ਕੰਧ ਕਿਵੇਂ ਟੁੱਟੇ ?

(ਉੱਤਰ ਹੈ) 'ਨਾਨਕ' (ਮੁਹਰ-ਛਾਪ)—(ਕੂੜ ਦੀ ਕੰਧ ਹਟਾਉਣ ਅਥਵਾ ਸਚਿਆਰ ਹੋਣ ਲਈ ਸਹੀ ਵਿਧੀ) ਰਜ਼ਾਅ ਦੇ ਮਾਲਕ (ਵਾਹਿਗੁਰੂ) ਦੇ ਹੁਕਮ ਵਿਚ ਵਿਚਰਨਾ (ਹੀ) ਹੈ। ਇਹ ਹੁਕਮ (ਧੁਰ ਦਰਗਾਹੋਂ ਜੀਵ ਦੇ) ਨਾਲ ਹੀ ਲਿਖਿਆ ਹੋਇਆ (ਆਉਂਦਾ) ਹੈ ॥੧॥

---

੮. ਸੱਚ ਦਾ ਧਾਰਨੀ। ੯. ਕੰਧ। ੧੦. ਰਜ਼ਾਅ ਦਾ ਮਾਲਕ (ਵਾਹਿਗੁਰੂ)।

ਹੁਕਮੀ[1] ਹੋਵਨਿ ਆਕਾਰ[2], ਹੁਕਮੁ ਨ ਕਹਿਆ ਜਾਈ ॥

(ਕਹਿਆ—ਉਚਾਰਣ 'ਕਿਹਾ' ਕਰਨਾ ਦਰੁਸਤ ਨਹੀਂ।)

ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥

(ਜੀਅ—'ਅ' ਦਾ ਉਚਾਰਣ 'ਆ' ਨਹੀਂ।)

ਹੁਕਮੀ ਉਤਮੁ ਨੀਚੁ, ਹੁਕਮਿ[3] ਲਿਖਿ[4] ਦੁਖ ਸੁਖ ਪਾਈਅਹਿ[5] ॥

(ਪਾਈਅਹਿ—'ਹਿ' ਦਾ ਉਚਾਰਣ ਨਾਸਕੀ।)

ਇਕਨਾ[6] ਹੁਕਮੀ ਬਖਸੀਸ, ਇਕਿ[7] ਹੁਕਮੀ ਸਦਾ ਭਵਾਈਅਹਿ[8] ॥

(ਇਕਨਾ—'ਨ' ਉਚਾਰਣ ਭਾਰਾ, ਅੰਤਲੇ ਸੁਰ ਦਾ ਉਚਾਰਣ ਨਾਸਕੀ। ਬਖਸੀਸ—ਦੋਵੇਂ 'ਸ' ਉਚਾਰਣ ਵਿਸ਼ੇਸ਼ ਧੁਨੀ। ਭਵਾਈਅਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥

ਨਾਨਕ, ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ[9] ਤਾਣੁ[10], ਹੋਵੈ ਕਿਸੈ ਤਾਣੁ[11] ॥

ਗਾਵੈ ਕੋ, ਦਾਤਿ ਜਾਣੈ ਨੀਸਾਣੁ ॥

ਗਾਵੈ ਕੋ, ਗੁਣ ਵਡਿਆਈਆ ਚਾਰ[12] ॥

(ਵਡਿਆਈਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਗਾਵੈ ਕੋ, ਵਿਦਿਆ ਵਿਖਮੁ[13] ਵੀਚਾਰੁ ॥

---

੧. ਹੁਕਮ ਦਾ ਮਾਲਕ (ਵਾਹਿਗੁਰੂ)। ਹੁਕਮੀ—ਹੁਕਮਿ, ਹੁਕਮ ਅਧੀਨ। ੨. ਪੰਜ-ਭੂਤਕੀ ਸਰੂਪ।
੩. ਹੁਕਮ ਅਧੀਨ। ੪. ਲਿਖੇ ਅਨੁਸਾਰ। ੫. ਪਾਈਦੇ ਹਨ। ੬. ਕਈਆਂ ਨੂੰ। ੭. ਕਈ।

(ਹੁਕਮ ਦੇ ਮਾਲਕ, ਵਾਹਿਗੁਰੂ ਦੇ) ਹੁਕਮ ਅਧੀਨ ਹੀ ਸਾਰੇ ਦ੍ਰਿਸ਼ਟ ਅਦ੍ਰਿਸ਼ਟ ਸਰੂਪ ਹੋਂਦ ਵਿਚ ਆਉਂਦੇ ਹਨ। ਹੁਕਮ ਨੂੰ (ਪੂਰੀ ਤਰ੍ਹਾਂ) ਬਿਆਨ ਨਹੀਂ ਕੀਤਾ ਜਾ ਸਕਦਾ।

ਵਾਹਿਗੁਰੂ ਦੇ ਹੁਕਮ ਅਧੀਨ ਹੀ ਸਾਰੇ ਜੀਅ-ਜੰਤ ਹੋਂਦ ਵਿਚ ਆਉਂਦੇ ਹਨ, (ਉਸ ਦੇ) ਹੁਕਮ ਅਨੁਸਾਰ ਹੀ (ਹਰ ਕਿਸੇ ਨੂੰ) ਵਡਿਆਈ ਮਿਲਦੀ ਹੈ।

(ਵਾਹਿਗੁਰੂ ਦੇ) ਹੁਕਮ ਅਧੀਨ ਹੀ ਕੋਈ (ਜੀਵ) ਉਤਮ (ਸ੍ਰੇਸ਼ਟ) ਹੈ, ਕੋਈ ਨੀਵਾਂ। (ਉਸ ਦੇ) ਹੁਕਮ ਅਧੀਨ (ਧੁਰ ਦਰਗਾਹੋਂ) ਲਿਖੇ (ਲੇਖਾਂ) ਅਨੁਸਾਰ ਹੀ ਦੁਖ ਸੁਖ ਪਾਈਦੇ ਹਨ।

ਕਈ ਜੀਵਾਂ ਨੂੰ ਹੁਕਮੀ ਵਾਹਿਗੁਰੂ ਦੇ ਹੁਕਮ ਅਧੀਨ ਬਖ਼ਸ਼ੀਸ਼ (ਬਖ਼ਸ਼ਸ਼ ਵਜੋਂ ਪ੍ਰਭੂ-ਮਿਲਾਪ ਦੀ ਦਾਤਿ) ਪ੍ਰਾਪਤ ਹੁੰਦੀ ਹੈ, ਕਈ (ਜੀਵ) ਹੁਕਮੀ ਦੇ ਹੁਕਮ ਅਧੀਨ ਸਦਾ ਹੀ (ਜੂਨਾਂ ਵਿਚ) ਭਵਾਏ ਜਾਂਦੇ ਹਨ।

(ਹੋਂਦ ਵਿਚ ਆਇਆ) ਹਰ ਕੋਈ (ਹੁਕਮੀ ਵਾਹਿਗੁਰੂ ਦੇ) ਹੁਕਮ ਵਿਚ ਹੈ, (ਉਸ ਦੇ) ਹੁਕਮ (ਦੇ ਘੇਰੇ) ਤੋਂ ਬਾਹਰ ਕੋਈ ਵੀ ਨਹੀਂ।

'ਨਾਨਕ' (ਮੁਹਰ-ਛਾਪ)—ਜੇ ਕੋਈ ਜੀਵ (ਹੁਕਮੀ ਵਾਹਿਗੁਰੂ ਦੇ) ਹੁਕਮ ਨੂੰ (ਸਤ ਕਰਕੇ) ਬੁੱਝ ਲਵੇ ਤਾਂ ਉਹ ਹਉਂ-ਹਉਂ, ਮੈਂ-ਮੈਂ (ਭਾਵ, ਹੰਕਾਰੀ ਬੋਲ) ਨਹੀਂ ਬੋਲਦਾ ॥੨॥

(ਜਿੰਨਾ ਜਿੰਨਾ) ਕਿਸੇ ਪਾਸ ਤਾਣੁ (ਬੁਧਿ ਬਲ) ਹੁੰਦਾ ਹੈ (ਉਸ ਅਨੁਸਾਰ ਹੀ) ਕੋਈ ਤਾਣੁ (ਤਾਣ ਵਾਲੇ ਵਿਆਪਕ ਬ੍ਰਹਮ) ਨੂੰ ਗਾਉਂਦਾ ਹੈ। (ਅਨਵੈ)

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ (ਉਸ ਦੀ) ਹਰੇਕ ਦਾਤਿ ਨੂੰ (ਉਸ ਦਾ) ਨੀਸਾਣੁ (ਬਖ਼ਸ਼ਸ਼ ਦਾ ਪ੍ਰਤੀਕ) ਜਾਣਦਾ ਹੈ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਸ ਦੇ ਗੁਣ ਅਤੇ ਵਡਿਆਈਆਂ ਸ੍ਰੇਸ਼ਟ ਹਨ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਸ ਦੀ (ਨਾਨਾ ਪ੍ਰਕਾਰੀ) ਵਿਦਿਆ ਦਾ ਵੀਚਾਰ (ਕਰ ਸਕਣਾ) ਕਠਿਨ ਹੈ।

---

੮. ਭਵਾਈਦੇ ਹਨ। ੯. ਕੋਈ ਜੀਵ। ੧੦. ਤਾਣ ਵਾਲੇ ਨੂੰ, ਸਤਾਣੇ ਵਾਹਿਗੁਰੂ ਨੂੰ। ੧੧. ਬਲ। ੧੨. ਸ੍ਰੇਸ਼ਟ। ੧੩. ਕਠਿਨ।

ਗਾਵੈ ਕੋ, ਸਾਜਿ[1] ਕਰੇ ਤਨੁ ਖੇਹ[2] ॥

ਗਾਵੈ ਕੋ, ਜੀਅ[3] ਲੈ ਫਿਰਿ ਦੇਹ[4] ॥

ਗਾਵੈ ਕੋ, ਜਾਪੈ ਦਿਸੈ ਦੂਰਿ ॥

ਗਾਵੈ ਕੋ, ਵੇਖੈ ਹਾਦਰਾ ਹਦੂਰਿ ॥

ਕਥਨਾ[5] ਕਥੀ[6] [7]ਨ ਆਵੈ ਤੋਟਿ ॥
[8]ਕਥਿ ਕਥਿ ਕਥੀ ਕੋਟੀ[9] [10]ਕੋਟਿ ਕੋਟਿ ॥

(ਕੋਟੀ—ਅੰਤਮ ਸੁਰ ਦਾ ਉਚਾਰਣ ਨਾਸਕੀ।)

ਦੇਦਾ[11] ਦੇ, ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥

(ਦੇਦਾ, ਲੈਦੇ—ਧਾਤੂ 'ਦੇ' ਤੇ 'ਲੈ' ਦਾ ਉਚਾਰਣ ਨਾਸਕੀ। ਪਾਹਿ, ਖਾਹਿ—ਅੰਤਮ ਸੁਰ 'ਹਿ' ਦਾ ਉਚਾਰਣ ਨਾਸਕੀ। ਖਾਹੀ—(ਕ੍ਰਿਦੰਤ) ਉਚਾਰਣ ਨਾਸਿਕਤਾ ਤੋਂ ਬਿਨਾ।)

ਹੁਕਮੀ[12] ਹੁਕਮੁ ਚਲਾਏ ਰਾਹੁ ॥

ਨਾਨਕ ਵਿਗਸੈ[13] ਵੇਪਰਵਾਹੁ ॥੩॥

ਸਾਚਾ[14] ਸਾਹਿਬੁ ਸਾਚੁ ਨਾਇ[15], ਭਾਖਿਆ[16] ਭਾਉ[17] ਅਪਾਰੁ[18] ॥

(ਨਾਇ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

---

੧. ਰਚ ਦੇਂਦਾ ਹੈ। ੨. ਮਿੱਟੀ। ੩. ਜੀਵਾਤਮਾ ਦਾ। ੪. (ਉ) ਦੇਹੀ, ਸਰੀਰ-ਚੋਲਾ। (ਅ) ਦੇਂਦਾ ਹੈ। ੫. ਕਥਾ-ਕਹਾਣੀ। ੬. ਬਿਆਨ ਕੀਤੀ। ੭. ਕਮੀ ਨਹੀਂ ਆਉਂਦੀ, ਮੁੱਕਣ ਵਿਚ ਨਹੀਂ ਆਉਂਦੀ। ੮. ਨਿਰੰਤਰ ਕਥਨ ਕੀਤੀ ਗਈ ਹੈ। ੯. ਕ੍ਰੋੜਾਂ ਜੀਵਾਂ ਵਲੋਂ। ੧੦. ਕ੍ਰੋੜਾਂ ਕ੍ਰੋੜਾਂ ਵਾਰੀ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਹ ਮਿੱਟੀ ਤੋਂ (ਅਦਭੁਤ) ਸਰੀਰ ਰਚ ਦੇਂਦਾ ਹੈ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਹ ਜੀਵਾਤਮਾ ਦਾ ਇਕ ਸਰੀਰ-ਚੋਲਾ ਲੈ ਕੇ ਫਿਰ (ਕੋਈ ਹੋਰ ਸਰੀਰ-ਚੋਲਾ) ਦੇ ਦੇਂਦਾ ਹੈ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਹ ਦੂਰ ਦਿਸਦਾ ਜਾਪਦਾ ਹੈ।

ਕੋਈ (ਸਤਾਣੇ ਵਿਆਪਕ ਬ੍ਰਹਮ ਨੂੰ) ਗਾਉਂਦਾ ਹੈ ਕਿ ਉਸ ਨੂੰ (ਹਰ ਥਾਵੇਂ ਅਤੇ ਹਰ ਸਮੇਂ) ਹਾਜ਼ਰ ਨਾਜ਼ਰ (ਪਰਤੱਖ) ਵੇਖਦਾ ਹੈ।

(ਹਰੇਕ ਕਥਨਹਾਰੇ ਨੇ ਸਮੇਂ-ਸਮੇਂ ਆਪੋ-ਆਪਣੇ ਦ੍ਰਿਸ਼ਟੀ-ਕੋਣ ਤੋਂ ਉਸ ਸਤਾਣੇ ਵਿਆਪਕ ਬ੍ਰਹਮ ਦੀ) ਕਥਾ-ਕਹਾਣੀ ਬਿਆਨ ਕੀਤੀ ਹੈ, ਪਰ ਉਸ ਦੀ ਕਥਾ ਕਹਾਣੀ (ਅਮੁੱਕ ਹੋਣ ਕਰਕੇ) ਮੁੱਕਣ ਵਿਚ ਨਹੀਂ ਆਉਂਦੀ; ਭਾਵੇਂ ਇਹ ਕਥਾ-ਕਹਾਣੀ ਕ੍ਰੋੜਾਂ ਜੀਵਾਂ ਨੇ ਕ੍ਰੋੜਾਂ ਕ੍ਰੋੜਾਂ ਵਾਰੀ (ਵੱਖ ਵੱਖ ਢੰਗਾਂ ਨਾਲ) ਨਿਰੰਤਰ ਬਿਆਨ ਕੀਤੀ ਹੈ।

ਦੇਣ ਵਾਲਾ (ਦਾਤਾਰ ਪ੍ਰਭੂ ਅਮੋਲਕ ਦਾਤਾਂ ਨਿਰੰਤਰ) ਦੇਈ ਜਾਂਦਾ ਹੈ, ਲੈਣ ਵਾਲੇ (ਦਾਤਾਂ ਲੈ ਲੈ ਕੇ) ਥੱਕ ਜਾਂਦੇ ਹਨ, ਜੁਗਾਂ-ਜੁਗਾਂਤਰਾਂ ਤੋਂ (ਜੀਵ ਪ੍ਰਭੂ ਦੀਆਂ ਦਾਤਾਂ) ਖਾਈ ਹੀ ਖਾਈ (ਨਿਰੰਤਰ ਭੋਗਦੇ) ਚਲੇ ਆ ਰਹੇ ਹਨ।

ਹੁਕਮ ਵਾਲੇ (ਸਤਾਣੇ ਅਤੇ ਸਮਰੱਥ ਵਿਆਪਕ ਬ੍ਰਹਮ) ਦਾ ਹੁਕਮ (ਸਮੁੱਚੀ ਸੰਸਾਰਕ ਪ੍ਰਕ੍ਰਿਆ ਦਾ ਸਿਲਸਿਲਾ) ਚਲਾਅ ਰਿਹਾ ਹੈ।

'ਨਾਨਕ' (ਮੁਹਰ-ਛਾਪ)—ਉਹ (ਸਭ ਕਾਸੇ ਤੋਂ ਬੇਪਰਵਾਹ (ਵਿਆਪਕ ਬ੍ਰਹਮ ਆਪਣੀ ਰਚੀ ਜਗਤ-ਖੇਡ ਨੂੰ) ਵੇਖ ਵੇਖ ਕੇ ਪ੍ਰਸੰਨ ਹੋ ਰਿਹਾ ਹੈ॥੩॥

ਮਾਲਕ-ਪ੍ਰਭੂ ਸੱਚਾ (ਸਦੀਵੀ ਹੋਂਦ ਵਾਲਾ) ਹੈ, ਉਸਦਾ 'ਸਚ-ਸਰੂਪ' ਨਾਮ ਵਿਚ ਹੀ ਸਮਾਇਆ ਹੋਇਆ ਹੈ। ਉਸ ਦੀ ਬੋਲੀ ਪ੍ਰੇਮ ਹੈ, (ਜਿਸਦਾ) ਹੱਦ-ਬੰਨਾ ਕੋਈ ਨਹੀਂ।

---

੧੧. ਦੇਣ ਵਾਲਾ, ਦਾਤਾਰ ਪ੍ਰਭੂ। ੧੨. ਹੁਕਮ ਵਾਲਾ ਪ੍ਰਭੂ। ੧੩. ਪ੍ਰਸੰਨ ਹੁੰਦਾ ਹੈ। ੧੪. ਸਦਾ ਥਿਰ, ਸੱਚ ਸਰੂਪ। ੧੫. ਨਾਮ ਵਿਚ। ੧੬. ਬੋਲੀ। ੧੭. ਪ੍ਰੇਮ। ੧੮. ਪਾਰ-ਰਹਿਤ, ਬੇਅੰਤ।

www.sikhbookclub.com

ਆਖਹਿ[1] ਮੰਗਹਿ ਦੇਹਿ ਦੇਹਿ, ਦਾਤਿ ਕਰੇ ਦਾਤਾਰੁ ॥

(ਆਖਹਿ, ਮੰਗਹਿ—ਅੰਤਲੇ ਸੁਰਾਂ 'ਹਿ' ਦਾ ਉਚਾਰਣ ਨਾਸਕੀ।)

ਫੇਰਿ ਕਿ [2]ਅਗੈ ਰਖੀਐ, ਜਿਤੁ ਦਿਸੈ ਦਰਬਾਰੁ ॥

ਮੁਹੌ ਕਿ ਬੋਲਣੁ[3] ਬੋਲੀਐ, ਜਿਤੁ ਸੁਣਿ ਧਰੇ ਪਿਆਰੁ ॥

(ਮੁਹੌ—ਕਈ ਲਿਖੰਤੀ ਬੀੜਾਂ ਵਿਚ ਇਸ ਦਾ ਰੂਪ ਮੁਹੋ ਮਿਲਦਾ ਹੈ।)

ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ ॥

ਕਰਮੀ[4] ਆਵੈ ਕਪੜਾ[5], ਨਦਰੀ[6] [7]ਮੋਖੁ ਦੁਆਰੁ ॥

SIKHBOOKCLUB.COM

ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰੁ[8] ॥੪॥

(ਏਵੈ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਥਾਪਿਆ[9] ਨ ਜਾਇ, ਕੀਤਾ[10] ਨ ਹੋਇ ॥

ਆਪੇ ਆਪਿ, ਨਿਰੰਜਨੁ[11] ਸੋਇ ॥

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਨਾਨਕ ਗਾਵੀਐ [12]ਗੁਣੀ ਨਿਧਾਨੁ ॥

---

੧. ਆਖਦੇ ਹਨ। ੨. ਸਨਮੁਖ ਰਖਿਆ ਜਾਏ। ੩. ਬੋਲ, ਬਚਨ। ੪. ਬਖਸ਼ਸ਼ ਦੁਆਰਾ। ੫. ਸਿਰੋਪਾਉ (ਸਿਫ਼ਤਿ-ਸਾਲਾਹ ਦਾ)। ੬. ਕਿਰਪਾ-ਦ੍ਰਿਸ਼ਟੀ ਦੁਆਰਾ। ੭. ਛੁਟਕਾਰਾ ਦੇਣ ਵਾਲਾ ਪ੍ਰਭੂ-ਦਰ। ੮. ਸੱਚ ਦਾ ਪੁੰਜ। ੯. ਸਥਾਪਿਤ ਕੀਤਾ (ਟਿਕਾਇਆ)। ੧੦. ਬਣਾਇਆ।

(ਜੀਵ ਆਪੋ ਆਪਣੀਆਂ ਬੇਨਤੀਆਂ ਪ੍ਰਭੂ ਅੱਗੇ) ਆਖਦੇ ਹਨ, (ਉਸ ਪਾਸੋਂ ਦਾਤਾਂ) ਮੰਗਦੇ ਹਨ, (ਆਖਦੇ ਹਨ) ਐਹ ਦੇਹ, ਓਹ ਦੇਹ, (ਸਰਬ-ਸਮਰੱਥ) ਦਾਤਾਰ ਸਭਨਾਂ ਨੂੰ ਦਾਤਾਂ ਦੇਂਦਾ ਹੈ।

(ਪ੍ਰਸ਼ਨ)—ਤਾਂ ਫਿਰ ਕੀ (ਜੀਵਨ-ਲਕਸ਼) ਸਨਮੁਖ ਰਖਿਆ ਜਾਏ, ਜਿਸ ਸਦਕਾ ਉਸ ਦਾ ਦਰਬਾਰ ਸਦਾ ਦਿਸਦਾ ਰਵ੍ਹੇ ?

(ਪ੍ਰਸ਼ਨ)—ਮੂੰਹ ਤੋਂ ਕਿਹੜਾ (ਸ੍ਰੇਸ਼ਟ) ਬੋਲ ਬੋਲਿਆ ਜਾਏ, ਜਿਸ ਨੂੰ ਸੁਣਨ ਨਾਲ ਪ੍ਰਭੂ ਪਿਆਰ ਕਰੇ ?

(ਸਾਂਝਾ ਉੱਤਰ)—ਅੰਮ੍ਰਿਤ ਵੇਲਾ ਸਫਲਾ ਕਰਨਾ (ਜੀਵਨ-ਲਕਸ਼ ਬਣਾਈਏ), ਸੱਚਾ-ਨਾਮ (ਮੂੰਹੋਂ ਬੋਲੀਏ ਅਤੇ ਇੰਜ) ਉਸ ਦੀ ਵਡਿਆਈ (ਸਿਫ਼ਤਿ-ਸਾਲਾਹ) ਦੀ ਵੀਚਾਰ ਕਰੀਏ। (ਇਸ ਤਰ੍ਹਾਂ ਰੱਬੀ-ਦਰਬਾਰ ਦੇ ਦੀਦਾਰ ਅਤੇ ਰੱਬੀ-ਪਿਆਰ ਦੇ ਪਾਤਰ ਬਣੀਏ)।

(ਪ੍ਰਭੂ ਦੀ) ਬਖ਼ਸ਼ਸ਼ ਦੁਆਰਾ (ਉਸ ਦੀ ਸਿਫ਼ਤਿ-ਸਾਲਾਹ ਦਾ) ਕੱਪੜਾ (ਸਿਰੋਪਾਉ) ਮਿਲਦਾ ਹੈ, ਉਸ ਦੀ ਕਿਰਪਾ-ਦ੍ਰਿਸ਼ਟੀ ਦੁਆਰਾ (ਜਨਮ-ਮਰਨ ਤੋਂ) ਛੁਟਕਾਰਾ ਦੇਣ ਵਾਲਾ ਪ੍ਰਭੂ-ਦਰ ਮਿਲਦਾ ਹੈ।

'ਨਾਨਕ' (ਮੁਹਰ-ਛਾਪ)—ਇਸ ਤਰ੍ਹਾਂ (ਉਪਰੋਕਤ ਰਹੱਸ ਨੂੰ ਸਮਝਿਆਂ) ਜਾਣ ਲਈਦਾ ਹੈ ਕਿ ਸੱਚ ਦਾ ਪੁੰਜ (ਵਾਹਿਗੁਰੂ) ਆਪ ਹੀ ਸਭ ਕੁਝ ਹੈ॥੪॥

(ਵਿਆਪਕ ਬ੍ਰਹਮ ਕਿਸੇ ਮੂਰਤੀ ਵਾਂਗ) ਨਾ ਬਣਾਇਆ ਜਾ ਸਕਦਾ ਹੈ, ਨਾ ਹੀ (ਕਿਧਰੇ ਕਿਸੇ ਧਰਮ-ਅਸਥਾਨ 'ਤੇ) ਸਥਾਪਿਤ ਕੀਤਾ ਜਾ ਸਕਦਾ ਹੈ।

(ਵਿਆਪਕ ਬ੍ਰਹਮ) ਆਪਣੇ ਆਪ ਤੋਂ (ਪ੍ਰਕਾਸ਼ਮਾਨ) ਹੈ, (ਕੇਵਲ) ਉਹ ਹੀ ਮਾਇਆ ਦੇ ਲੇਪ-ਛੇਪ ਤੋਂ ਮੁਕਤ ਹੈ।

ਜਿਸ ਜਿਸ ਜੀਵ ਨੇ (ਉਸ ਨੂੰ) ਸੇਵਿਆ (ਸਿਮਰਿਆ), ਉਸ ਉਸ ਨੇ (ਲੋਕ ਪਰਲੋਕ ਵਿਚ) ਮਾਨ ਸਤਿਕਾਰ ਪ੍ਰਾਪਤ ਕੀਤਾ ਹੈ।

'ਨਾਨਕ' (ਮੁਹਰ-ਛਾਪ)—ਉਸ ਗੁਣਾਂ ਦੇ ਖ਼ਜ਼ਾਨੇ (ਵਿਆਪਕ ਬ੍ਰਹਮ ਦੇ ਗੁਣਾਂ) ਨੂੰ (ਸਦਾ) ਗਾਉਣਾ ਚਾਹੀਦਾ ਹੈ (ਭਾਵ, ਉਸ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ)।

---

੧੧. ਮਾਇਆ ਦੇ ਲੇਪ-ਛੇਪ ਤੋਂ ਮੁਕਤ। ੧੨. ਗੁਣਾਂ ਦਾ ਖ਼ਜ਼ਾਨਾ।

ਗਾਵੀਐ, ਸੁਣੀਐ, ਮਨਿ ਰਖੀਐ ਭਾਉ[1] ॥

ਦੁਖੁ ਪਰਹਰਿ[2], ਸੁਖੁ, ਘਰਿ[3] ਲੈ ਜਾਇ ॥

ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ ॥

ਗੁਰੁ ਈਸਰੁ[4], ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ ॥

(ਬਰਮਾ—'ਰ' ਉਚਾਰਣ ਭਾਰ ਸਹਿਤ।)

ਜੇ ਹਉ[5] ਜਾਣਾ ਆਖਾ ਨਾਹੀ, [6]ਕਹਣਾ [7]ਕਥਨੁ ਨ ਜਾਈ ॥

(ਜਾਣਾ, ਆਖਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ॥ 'ਕਹਣਾ', 'ਹ' ਦਾ ਉਚਾਰਣ ਵਾਂਗ ਨਹੀਂ।)

ਗੁਰਾ[8] ਇਕ [9]ਦੇਹਿ ਬੁਝਾਈ ॥

(ਗੁਰਾ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾਂ।)

ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥੫॥

(ਸਭਨਾ, ਜੀਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਤੀਰਥਿ ਨਾਵਾ ਜੇ ਤਿਸੁ[10] ਭਾਵਾ, [11]ਵਿਣੁ ਭਾਣੇ ਕਿ ਨਾਇ ਕਰੀ ॥

(ਨਾਵਾ, ਭਾਵਾ, ਕਰੀ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ। ਨਾਵਾ, ਨਾਇ—'ਨ' ਦਾ ਉਚਾਰਣ ਭਾਰ ਸਹਿਤ।)

ਜੇਤੀ ਸਿਰਠਿ[12] ਉਪਾਈ[13] ਵੇਖਾ, ਵਿਣੁ ਕਰਮਾ[14] ਕਿ ਮਿਲੈ, ਲਈ[15] ॥

(ਵੇਖਾ, ਕਰਮਾ, ਲਈ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

---

੧. ਪਿਆਰ। ੨. ਪਰਿਹਰਣ ਕਰ ਕੇ, ਦੂਰ ਕਰ ਕੇ। ੩. ਨਿਜ-ਘਰ (ਸ੍ਵੈ-ਸਰੂਪ) ਵਿਚ। ੪. ਸ਼ਿਵ ਜੀ। ੫. ਮੈਂ। ੬-੭. ਉਸ ਦਾ ਕਥਨ (ਕਹਾਣੀ) ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ।

(ਗੁਣਾਂ ਦੇ ਖ਼ਜ਼ਾਨੇ ਵਿਆਪਕ ਬ੍ਰਹਮ ਦਾ ਜਸ) ਗਾਉਣਾ ਚਾਹੀਦਾ ਹੈ, ਸੁਣਨਾ ਚਾਹੀਦਾ ਹੈ ਅਤੇ ਮਨ ਵਿਚ ਉਸ ਦਾ ਪਿਆਰ ਧਾਰਨ ਕਰਨਾ ਚਾਹੀਦਾ ਹੈ।

(ਗੁਣੀ-ਨਿਧਾਨ ਦਾ ਜਸ ਪਿਆਰ ਨਾਲ ਗਾਉਣਾ, ਸੁਣਨਾ ਜਗਿਆਸੂ ਦਾ) ਹਰ ਪ੍ਰਕਾਰ ਦਾ ਦੁਖ ਦੂਰ ਕਰ ਕੇ (ਉਸ ਨੂੰ) ਆਤਮ-ਸੁਖ ਦੇਂਦਾ ਹੈ ਅਤੇ ਨਿਜ-ਘਰ (ਸ੍ਵੈ-ਸਰੂਪ) ਵਿਚ ਲੈ ਜਾਂਦਾ ਹੈ।

ਗੁਰੂ ਦੁਆਰਾ ਹੀ ਨਾਦ (ਸ਼ਬਦ-ਧੁਨਿ ਤੋਂ ਉਪਜਿਆ ਗਿਆਨ), ਗੁਰੂ ਦੁਆਰਾ ਹੀ ਵੇਦ (ਸ਼ਾਸਤਰ-ਵੀਚਾਰ ਤੋਂ ਉਪਜਿਆ ਗਿਆਨ) ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੁਆਰਾ ਹੀ (ਬ੍ਰਹਮ ਸਾਰੇ ਬ੍ਰਹਮੰਡ ਵਿਚ) ਵਿਆਪਕ ਹੋਇਆ (ਪ੍ਰਤੀਤ ਹੁੰਦਾ) ਹੈ।

(ਮੇਰੇ ਲਈ) ਗੁਰੂ ਹੀ ਸ਼ਿਵ ਜੀ ਹੈ, ਗੁਰੂ ਹੀ ਗੋਰਖ (ਵਿਸ਼ਨੂੰ) ਅਤੇ ਬ੍ਰਹਮਾ ਹੈ, ਅਤੇ ਗੁਰੂ ਹੀ ਪਾਰਬਤੀ ਮਾਈ (ਲੱਛਮੀ) ਹੈ (ਭਾਵ, ਗੁਰੂ ਹੀ ਜੀਵਨ-ਧੁਰਾ ਹੈ, ਜਿਸ ਸਦਕਾ ਕਿਸੇ ਦੇਵੀ-ਦੇਵਤੇ ਦੀ ਮੁਥਾਜੀ ਨਹੀਂ ਰਹਿੰਦੀ)।

ਜੇ ਮੈਂ (ਵਿਆਪਕ ਬ੍ਰਹਮ ਨੂੰ ਅੰਤਰ-ਆਤਮੇ) ਜਾਣ ਵੀ ਲਵਾਂ ਤਾਂ ਵੀ ਮੈਂ (ਉਸ ਨੂੰ ਪੂਰੀ ਤਰ੍ਹਾਂ) ਬਿਆਨ ਨਹੀਂ ਕਰ ਸਕਦਾ, ਕਿਉਂਕਿ ਉਸ ਦਾ ਕਥਨ (ਪੂਰੀ ਤਰ੍ਹਾਂ) ਵਰਣਨ ਹੀ ਨਹੀਂ ਕੀਤਾ ਜਾ ਸਕਦਾ।

ਗੁਰੂ (ਪਾਤਿਸ਼ਾਹ)! ਮੈਨੂੰ ਇਕ ਬੂਝ (ਸੋਝੀ) ਬੁਝਾਅ ਦਿਓ; ਸਾਰੇ ਜੀਵ-ਜੰਤੂਆਂ ਦਾ ਜੋ ਇਕੋ-ਇਕ ਦਾਤਾ (ਵਿਆਪਕ ਬ੍ਰਹਮ) ਹੈ, ਉਹ ਮੈਨੂੰ (ਕਦੀ ਵੀ) ਭੁਲ ਨਾ ਜਾਏ॥੫॥

ਮੈਂ (ਕਿਸੇ) ਤੀਰਥ ਉੱਤੇ (ਜਾ ਕੇ) ਇਸ਼ਨਾਨ ਤਾਂ ਕਰਾਂ ਜੇ (ਇੰਜ ਕਰਨ ਨਾਲ) ਉਸ (ਵਿਆਪਕ ਬ੍ਰਹਮ) ਨੂੰ ਚੰਗਾ ਲੱਗ ਜਾਵਾਂ। ਉਸ ਨੂੰ ਚੰਗਾ ਲਗੇ ਬਗ਼ੈਰ (ਤੀਰਥ ਉੱਤੇ) ਨ੍ਹਾ ਕੇ ਕੀ ਕਰਾਂ (ਕੀ ਲਾਭ)?

(ਵਿਆਪਕ ਬ੍ਰਹਮ ਦੀ) ਪੈਦਾ ਕੀਤੀ ਹੋਈ ਜਿੰਨੀ ਵੀ ਸ੍ਰਿਸ਼ਟੀ ਮੈਂ ਵੇਖਦਾ ਹਾਂ, (ਉਸ ਵਿਚ ਕਿਸੇ ਨੂੰ) ਭਾਗਾਂ ਤੋਂ ਬਗ਼ੈਰ ਕੀ ਮਿਲ ਸਕਦਾ ਹੈ, ਜੁ ਮੈਂ ਵੀ ਲੈ ਲਵਾਂ।

---

੯. ਹੇ ਸਤਿਗੁਰੂ! ੯. ਬੂਝ (ਸੋਝੀ) ਬੁਝਾਅ ਦਿਓ। ੧੦. ਉਸ (ਵਿਆਪਕ ਬ੍ਰਹਮ) ਨੂੰ। ੧੧. (ਪਰਮੇਸ਼ਰ ਨੂੰ) ਚੰਗਾ ਲਗੇ ਬਗ਼ੈਰ। ੧੨. ਸ੍ਰਿਸ਼ਟੀ। ੧੩. ਪੈਦਾ ਕੀਤੀ। ੧੪. ਭਾਗਾਂ। ੧੫. ਮੈਂ ਵੀ ਲੈ ਲਵਾਂ।

ਮਤਿ ਵਿਚਿ ਰਤਨ ਜਵਾਹਰ ਮਾਣਿਕ,
ਜੇ ਇਕ ਗੁਰ ਕੀ ਸਿਖ[1] ਸੁਣੀ ॥

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ, ਸੋ ਮੈ ਵਿਸਰਿ ਨ ਜਾਈ ॥੬॥
(ਸਭਨਾ, ਜੀਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਜੇ ਜੁਗ ਚਾਰੇ ਆਰਜਾ[2], ਹੋਰ ਦਸੂਣੀ[3] ਹੋਇ ॥

ਨਵਾ ਖੰਡਾ ਵਿਚਿ ਜਾਣੀਐ, ਨਾਲਿ ਚਲੈ ਸਭੁ ਕੋਇ ॥
(ਨਵਾ, ਖੰਡਾ— ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਚੰਗਾ ਨਾਉ ਰਖਾਇ ਕੈ, ਜਸੁ ਕੀਰਤਿ[4] ਜਗਿ ਲੇਇ ॥

SIKHBOOKCLUB.COM

ਜੇ ਤਿਸੁ[5] ਨਦਰਿ ਨ ਆਵਈ, ਤ ਵਾਤ[6] ਨ ਪੁਛੈ ਕੇ ॥

ਕੀਟਾ[7] ਅੰਦਰਿ ਕੀਟੁ ਕਰਿ[8], ਦੋਸੀ ਦੋਸੁ ਧਰੇ ॥
(ਕੀਟਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਨਾਨਕ ਨਿਰਗੁਣਿ[9] [10]ਗੁਣੁ ਕਰੇ, ਗੁਣਵੰਤਿਆ ਗੁਣੁ ਦੇ ॥
(ਗੁਣਵੰਤਿਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਤੇਹਾ[11] ਕੋਇ ਨ ਸੁਝਈ, ਜਿ ਤਿਸੁ[12] ਗੁਣੁ ਕੋਇ ਕਰੇ ॥੭॥

---

੧. ਸਿਖਿਆ। ੨. ਉਮਰ। ੩. ਦਸ ਗੁਣਾ। ੪. ਸੋਭਾ। ੫. ਉਸ (ਮਨੁੱਖ ਨੂੰ)। ੬. ਸਾਰ-ਖ਼ਬਰ।
੭. ਕੀੜਿਆਂ। ੮. ਕਰ ਕੇ, ਮਿਥ ਕੇ। ੯. ਨਿਰਗੁਣੀ ਮਨੁੱਖ। ੧੦. ਉਪਕਾਰ ਕਰ ਕੇ ਗੁਣਵਾਨ

ਜੇਕਰ ਗੁਰੂ ਦੀ ਇਕ (ਨਾਮ-) ਸਿਖਿਆ (ਸ਼ਰਧਾ ਭਾਵਨਾ ਨਾਲ) ਸੁਣ ਲਈ ਜਾਵੇ ਤਾਂ ਮਤਿ ਵਿਚ (ਦੈਵੀ ਗੁਣਾਂ ਰੂਪੀ) ਰਤਨ, ਜਵਾਹਰ, ਮਾਣਕ (ਆ ਪ੍ਰਗਾਸਦੇ) ਹਨ।

ਗੁਰੂ (ਪਾਤਿਸ਼ਾਹ)! ਮੈਨੂੰ ਇਕ ਬੂਝ (ਸੋਝੀ) ਬੁਝਾਅ ਦਿਓ, ਸਾਰੇ ਜੀਵ-ਜੰਤੂਆਂ ਦਾ ਜੋ ਇਕੋ-ਇਕ ਦਾਤਾ (ਵਿਆਪਕ ਬ੍ਰਹਮ) ਹੈ; ਉਹ ਮੈਨੂੰ (ਕਦੀ ਵੀ) ਭੁਲ ਨਾ ਜਾਏ ॥੬॥

ਜੇ (ਕਿਸੇ ਮਨੁੱਖ ਦੀ) ਉਮਰ ਚਾਰ ਜੁਗ (ਲੰਮੀ) ਹੋ ਜਾਏ, ਸਗੋਂ ਇਸ ਤੋਂ ਵੀ ਦਸ-ਗੁਣਾ (ਵਧੇਰੀ) ਹੋ ਜਾਏ।

ਪ੍ਰਿਥਵੀ ਦੇ ਨਵਾਂ ਹੀ ਹਿੱਸਿਆਂ (ਭਾਵ, ਸਾਰੇ ਸੰਸਾਰ) ਵਿਚ ਜਾਣੀਦਾ ਹੋਵੇ, ਹਰ ਕੋਈ (ਖ਼ੁਸ਼ਾਮਦ ਵਜੋਂ) ਉਸ ਨਾਲ ਹੋ ਤੁਰੇ।

(ਆਪਣੇ ਦਬਦਬੇ ਦੇ ਬਲ-ਬੋਤੇ) ਆਪਣਾ ਨਾਮ ਚੰਗਾ ਰਖਵਾ ਕੇ (ਭਾਵ ਲੋਕਾਂ ਕੋਲੋਂ ਰੁਹਬ ਨਾਲ ਚੰਗਾ ਚੰਗਾ ਅਖਵਾ ਕੇ) ਸੰਸਾਰ ਵਿਚ ਚੋਖਾ ਜਸ (ਨਾਮਣਾ) ਅਤੇ ਕੀਰਤੀ ਪ੍ਰਾਪਤ ਕਰ ਲਵੇ।

ਜੇਕਰ ਉਸ (ਐਸ਼ੂਰਜ ਦੀ ਪ੍ਰਾਪਤੀ ਵਾਲੇ ਮਨੁੱਖ) ਨੂੰ (ਪ੍ਰਭੂ ਦੀਆਂ ਬਖ਼ਸ਼ੀਆਂ ਦਾਤਾਂ ਵਿਚੋਂ ਦਾਤਾਰ ਪ੍ਰਭੂ) ਨਜ਼ਰ ਨਹੀਂ ਆਉਂਦਾ (ਤਾਂ ਉਹ ਅਕਿਰਤਘਣ ਹੈ), ਫਿਰ ਉਸ (ਘਿਰਣਾ ਯੋਗ ਅਕਿਰਤਘਣ) ਦੀ ਖ਼ਬਰ-ਸਾਰ ਕੋਈ ਨਹੀਂ ਪੁੱਛਦਾ।

(ਦੁਨੀਆ ਦੀ ਨਜ਼ਰ ਵਿਚ) ਦੋਸ਼ੀ ਮਨੁੱਖ ਵੀ (ਉਸ ਅਕਿਰਤਘਣ ਮਨੁੱਖ ਨੂੰ) ਕੀੜਿਆਂ ਵਿਚੋਂ (ਨਖਿਧ) ਕੀੜਾ ਮਿਥ ਕੇ ਉਸ ਉੱਤੇ (ਮੰਦੀਂ ਹੂੰ ਮੰਦੇ ਅਕਿਰਤਘਣ ਹੋਣ ਦਾ) ਦੋਸ਼ ਥਪਦਾ ਹੈ।

'ਨਾਨਕ' (ਮੁਹਰ-ਛਾਪ)—(ਦਾਤਾਰ ਪ੍ਰਭੂ) ਅਜਿਹੇ ਨਿਰਗੁਣੀ ਮਨੁੱਖ ਉੱਤੇ ਉਪਕਾਰ ਕਰ ਕੇ ਉਸ ਨੂੰ ਗੁਣਵਾਨ ਬਣਾਉਂਦਾ ਹੈ, ਸਗੋਂ ਗੁਣਵਾਨਾਂ ਨੂੰ ਵੀ ਗੁਣ (ਉਹ ਹੀ) ਬਖ਼ਸ਼ਦਾ ਹੈ।

(ਸੰਸਾਰ ਵਿਚ) ਅਜਿਹਾ (ਸਮਰੱਥਾਵਾਨ) ਕੋਈ ਮਨੁੱਖ ਨਹੀਂ ਸੁਝਦਾ, ਜਿਹੜਾ ਕੋਈ ਉਸ (ਅਕਿਰਤਘਣ ਮਨੁੱਖ) ਨੂੰ, ਕੋਈ ਗੁਣ (ਉਪਕਾਰ) ਕਰ ਕੇ ਗੁਣਵਾਨ ਬਣਾ ਸਕੇ ॥੭॥

ਬਣਾਉਂਦਾ ਹੈ। ੧੧. ਅਜਿਹਾ। ੧੨. ਉਸ (ਅਕਿਰਤਘਣ ਮਨੁੱਖ ਨੂੰ)।

ਸੁਣਿਐ[1], ਸਿਧ ਪੀਰ ਸੁਰਿ ਨਾਥ[2] ॥

ਸੁਣਿਐ, ਧਰਤਿ ਧਵਲ ਆਕਾਸ ॥

ਸੁਣਿਐ, ਦੀਪ[3] ਲੋਅ[4] ਪਾਤਾਲ[5] ॥

ਸੁਣਿਐ, ਪੋਹਿ[6] ਨ ਸਕੈ ਕਾਲੁ ॥

ਨਾਨਕ, ਭਗਤਾ ਸਦਾ ਵਿਗਾਸੁ[7] ॥

(ਭਗਤਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਸੁਣਿਐ, ਦੂਖ ਪਾਪ ਕਾ ਨਾਸੁ ॥੮॥

ਸੁਣਿਐ, ਈਸਰੁ[8] ਬਰਮਾ ਇੰਦੁ ॥

(ਬਰਮਾ—'ਰ' ਉਚਾਰਣ ਭਾਰ ਸਹਿਤ, 'ਮ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।)

ਸੁਣਿਐ, ਮੁਖਿ ਸਾਲਾਹਣ[9] ਮੰਦੁ[10] ॥

ਸੁਣਿਐ, ਜੋਗ ਜੁਗਤਿ ਤਨਿ ਭੇਦ[11] ॥

---

੧. ਸੁਣੇ ਜਾਣ ਸਦਕਾ। ੨. ਪੁੱਗੇ ਹੋਏ ਜੋਗੀ-ਰਾਜ। ੩. ਟਾਪੂ। ੪. ਲੋਕ (ਪੁਰੀਆਂ)। ੫. ਧਰਤੀ ਤੋਂ ਹੇਠਲੇ ਮੰਡਲ। ੬. ਪੋਂਹਦਾ, ਵਿਆਪਦਾ। ੭. ਖੇੜਾ। ੮. ਸ਼ਿਵ ਜੀ। ੯. ਸਿਫ਼ਤਿ-ਸਾਲਾਹ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਨਾਲ ਸਿਧਾਂ (ਸਿਧੀ ਨੂੰ ਪ੍ਰਾਪਤ ਜੋਗੀਆਂ), ਪੀਰਾਂ (ਇਸਲਾਮੀ ਮੱਤ ਦੇ ਧਾਰਮਿਕ ਆਗੂਆਂ) ਅਤੇ ਸੁਰਿ-ਨਾਥਾਂ (ਪੁਗੇ ਹੋਏ ਜੋਗੀ-ਰਾਜਾਂ ਵਾਲੀ ਕਲਾ ਸੁਤੇ ਹੀ ਪ੍ਰਾਪਤ ਹੋ ਜਾਂਦੀ ਹੈ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਨਾਲ ਧਰਤੀ, ਧਵਲ (ਸਨਾਤਨੀ ਮਨੌਤ ਅਨੁਸਾਰ ਧਰਤੀ ਦੇ ਭਾਰ ਨੂੰ ਥੰਮ੍ਹਣ ਵਾਲਾ ਚਿੱਟਾ ਬਲਦ) ਅਤੇ ਅਕਾਸ਼ (ਦੇ ਦੈਵੀ ਗੁਣ, ਕਰਮਵਾਰ ਧੀਰਜ, ਧਰਮ ਅਤੇ ਨਿਰਲੇਪਤਾ ਸੁਤੇ ਹੀ ਅੰਦਰ ਪ੍ਰਵੇਸ਼ ਕਰ ਜਾਂਦੇ ਹਨ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਨਾਲ (ਵੱਖ ਵੱਖ) ਟਾਪੂਆਂ, ਲੋਕਾਂ (ਪੁਰੀਆਂ) ਅਤੇ ਧਰਤੀ ਤੋਂ ਹੇਠਲੇ ਮੰਡਲਾਂ (ਵਿਚ ਪ੍ਰਭੂ ਦੀ ਵਿਆਪਕਤਾ ਦਾ ਅਨੁਭਵ ਹੋ ਜਾਂਦਾ ਹੈ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਨਾਲ ਜਮਕਾਲ ਵਿਆਪ ਨਹੀਂ ਸਕਦਾ।

'ਨਾਨਕ' (ਮੁਹਰ-ਛਾਪ)—(ਪ੍ਰਭੂ-ਭਗਤੀ ਕਰਨ ਵਾਲੇ) ਭਗਤਾਂ ਨੂੰ ਸਦਾ ਖੇੜਾ ਬਣਿਆ ਰਹਿੰਦਾ ਹੈ।

SIKHBOOKCLUB.COM

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਦੁਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ॥੮॥

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਸ਼ਿਵ ਜੀ, ਬ੍ਰਹਮਾ ਅਤੇ ਇੰਦਰ (ਆਦਿਕ ਦੇਵਤਿਆਂ ਦੀ ਪਾਇਆਂ ਬਾਰੇ ਗਿਆਨ ਹੋ ਜਾਂਦਾ ਹੈ ਕਿ ਇਹ ਸਾਰੇ ਦੇਵਤੇ ਸਰਬ-ਸ਼ਕਤੀਮਾਨ ਬ੍ਰਹਮ ਵਲੋਂ ਸਾਜੀ ਹੋਈ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਅਧੀਨ ਵਿਚਰਦੇ ਹਨ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਜੀਵ, ਮੁਖੋਂ (ਵਿਆਪਕ ਬ੍ਰਹਮ ਦੀ) ਸਹਜੇ ਸਹਜੇ ਸਿਫ਼ਤਿ-ਸਾਲਾਹ ਕਰਨ ਵਾਲਾ (ਬਣ ਜਾਂਦਾ ਹੈ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਜੋਗ (ਪ੍ਰਭੂ-ਮਿਲਾਪ) ਦੀ ਜੁਗਤੀ ਦੇ ਗੁਝੇ ਭੇਤ ਤਨ ਵਿਚੋਂ ਹੀ (ਪ੍ਰਗਟ ਹੋ ਆਉਂਦੇ ਹਨ)।

---

੧੦. ਸਹਜੇ ਸਹਜੇ (ਸਹਜ ਵਿਚ ਟਿਕ ਕੇ)। ੧੧. ਭੇਤ।

ਸੁਣਿਐ, ਸਾਸਤ ਸਿਮ੍ਰਿਤਿ ਵੇਦ ॥

(ਸਾਸਤ—ਅੰਤਲੇ ਜੋਟੇ 'ਸ' ਅਤੇ 'ਤ' ਦਾ ਉਚਾਰਣ ਮਿਲਵਾਂ।)

ਨਾਨਕ, ਭਗਤਾ ਸਦਾ ਵਿਗਾਸੁ ॥

(ਭਗਤਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਸੁਣਿਐ, ਦੂਖ ਪਾਪ ਕਾ ਨਾਸੁ ॥੯॥

ਸੁਣਿਐ, ਸਤੁ ਸੰਤੋਖੁ ਗਿਆਨੁ ॥

ਸੁਣਿਐ, ਅਠਸਠਿ[1] ਕਾ ਇਸਨਾਨੁ ॥

ਸੁਣਿਐ, ਪੜਿ ਪੜਿ ਪਾਵਹਿ ਮਾਨੁ[2] ॥

(ਪੜਿ ਪੜਿ—'ੜ' ਉਚਾਰਣ ਭਾਰ ਸਹਿਤ; ਪਾਵਹਿ—'ਹਿ' ਉਚਾਰਣ ਨਾਸਕੀ।)

ਸੁਣਿਐ, ਲਾਗੈ ਸਹਜਿ[3] ਧਿਆਨੁ ॥

ਨਾਨਕ, ਭਗਤਾ ਸਦਾ ਵਿਗਾਸੁ ॥

(ਭਗਤਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਸੁਣਿਐ, ਦੂਖ ਪਾਪ ਕਾ ਨਾਸੁ ॥੧੦॥

ਸੁਣਿਐ, ਸਰਾ[4] ਗੁਣਾ ਕੇ ਗਾਹ[5] ॥

(ਸਰਾ, ਗੁਣਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

---

੧. ਅਠਾਹਠ। ੨. ਮਾਣ-ਸਤਿਕਾਰ। ੩. ਬ੍ਰਹਮ ਵਿਚ। ੪. ਸਾਗਰਾਂ। ੫. ਗਾਹਣ ਵਾਲੇ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਸ਼ਾਸਤ੍ਰਾਂ, ਸਿਮ੍ਰਿਤੀਆਂ ਅਤੇ ਵੇਦਾਂ (ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ ਕਿ ਇਹ ਤਿੰਨਾਂ ਗੁਣਾਂ ਦਾ ਹੀ ਵਖਿਆਨ ਕਰਦੇ ਹਨ)।

'ਨਾਨਕ' (ਮੁਹਰ-ਛਾਪ)—(ਪ੍ਰਭੂ-ਭਗਤੀ ਕਰਨ ਵਾਲੇ) ਭਗਤਾਂ ਨੂੰ ਸਦਾ ਖੇੜਾ ਖਿੜਿਆ ਰਹਿੰਦਾ ਹੈ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਸਾਰੇ ਦੁਖਾਂ, ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥੯॥

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਸਤ (ਸੁੱਚਾ ਆਚਰਣ), ਸੰਤੋਖ (ਸੰਤੁਸ਼ਟਤਾ ਵਾਲਾ ਸੁਭਾਅ) ਅਤੇ ਆਤਮ-ਗਿਆਨ (ਸੁਤੇ-ਸਿਧ ਹੀ ਪ੍ਰਾਪਤ ਹੋ ਜਾਂਦੇ ਹਨ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਅਠਾਹਠ ਤੀਰਥਾਂ ਦਾ ਇਸ਼ਨਾਨ (ਸੁਤੇ-ਸਿਧ ਹੀ ਹੋ ਜਾਂਦਾ ਹੈ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਉਹ ਮਾਣ-ਸਤਿਕਾਰ (ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ ਜੋ ਵਿਦਵਾਨ ਲੋਕ ਵਿਦਿਆ) ਪੜ੍ਹ ਪੜ੍ਹ ਕੇ (ਅਥਵਾ ਘਾਲਨਾ ਘਾਲ ਘਾਲ ਕੇ) ਪ੍ਰਾਪਤ ਕਰਦੇ ਹਨ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਸਦਕਾ ਸਹਜ (ਬ੍ਰਹਮ) ਵਿਚ ਧਿਆਨ ਸਹਜੇ ਹੀ ਜੁੜ ਜਾਂਦਾ ਹੈ।

'ਨਾਨਕ' (ਮੁਹਰ-ਛਾਪ)—(ਪ੍ਰਭੂ-ਭਗਤੀ ਕਰਨ ਵਾਲੇ) ਭਗਤਾਂ ਨੂੰ ਸਦਾ ਖੇੜਾ ਖਿੜਿਆ ਰਹਿੰਦਾ ਹੈ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਸਦਕਾ ਸਾਰੇ ਦੁਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥੧੦॥

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਗੁਣ-ਸਾਗਰਾਂ ਨੂੰ ਗਾਹਣ ਵਾਲੇ ਹੋ ਜਾਈਦਾ ਹੈ (ਭਾਵ, ਸਾਰੇ ਦੈਵੀ ਗੁਣਾਂ ਦੇ ਜਾਣੂ ਅਤੇ ਧਾਰਨੀ ਹੋ ਜਾਈਦਾ ਹੈ)।

ਸੁਣਿਐ, ਸੇਖ ਪੀਰ ਪਾਤਿਸਾਹ ॥
(ਸੇਖ, ਪਾਤਿਸਾਹ—'ਸ' ਉਚਾਰਣ ਵਿਸ਼ੇਸ਼ ਧੁਨੀ।)

ਸੁਣਿਐ, ਅੰਧੇ ਪਾਵਹਿ ਰਾਹੁ[1] ॥
(ਪਾਵਹਿ—'ਹਿ' ਉਚਾਰਣ ਨਾਸਕੀ।)
ਸੁਣਿਐ, ਹਾਥ[2] ਹੋਵੈ ਅਸਗਾਹੁ[3] ॥

ਨਾਨਕ, ਭਗਤਾ ਸਦਾ ਵਿਗਾਸੁ ॥
(ਭਗਤਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਸੁਣਿਐ, ਦੂਖ ਪਾਪ ਕਾ ਨਾਸੁ ॥੧੧॥

[4]ਮੰਨੇ ਕੀ ਗਤਿ[5] ਕਹੀ ਨ ਜਾਇ ॥

ਜੇ ਕੋ ਕਹੈ[6], ਪਿਛੈ ਪਛੁਤਾਇ ॥

ਕਾਗਦਿ[7] ਕਲਮ ਨ ਲਿਖਣਹਾਰੁ ॥

ਮੰਨੇ ਕਾ ਬਹਿ[8] ਕਰਨਿ ਵੀਚਾਰੁ ॥

ਐਸਾ ਨਾਮੁ, ਨਿਰੰਜਨੁ[9] ਹੋਇ ॥
(ਨਿਰੰਜਨੁ—ਉਚਾਰਣ ਸਮੇਂ ਸਿਹਾਰੀ ਨੰਨੇ ਨਾਲ ਬੋਲਦੀ ਹੈ, ਨਾ ਕਿ ਰਾਰੇ ਨਾਲ।)
ਜੇ ਕੋ ਮੰਨਿ ਜਾਣੈ ਮਨਿ, ਕੋਇ[10] ॥੧੨॥
(ਮੰਨਿ, ਮਨਿ—ਦੋਹਾਂ ਸ਼ਬਦਾਂ ਦਾ ਉਚਾਰਣ ਫ਼ਰਕੋ ਫ਼ਰਕੀ ਹੈ।)

---

੧. (ਪ੍ਰਭੂ-ਮਿਲਾਪ ਦਾ) ਸਹੀ ਰਸਤਾ। ੨. ਹਥਾਲਾ (ਹਾਥ ਵਾਲਾ)। ੩. ਅਥਾਹ ਸਾਗਰ। ੪. ਮੰਨ

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਸ਼ੇਖ਼ (ਇਸਲਾਮੀ ਬਜ਼ੁਰਗ, ਵਿਦਵਾਨ), ਪੀਰ (ਇਸਲਾਮੀ ਧਾਰਮਿਕ ਆਗੂ), ਪਾਤਿਸ਼ਾਹ (ਹੁਕਮਰਾਨ) ਆਦਿ (ਦੀਨ ਅਤੇ ਦੁਨੀਆ ਦੀ ਅਜ਼ਮਤ, ਭਾਵ, ਵਡਿਆਈ ਵਾਲੇ ਰੁਤਬੇ ਸੁਤੇ ਹੀ ਪ੍ਰਾਪਤ ਹੋ ਜਾਂਦੇ ਹਨ)।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਕਰਕੇ ਅੰਨ੍ਹੇ (ਅਗਿਆਨੀ ਜੀਵ) ਵੀ (ਪ੍ਰਭੂ-ਮਿਲਾਪ ਦਾ) ਸਹੀ ਰਸਤਾ ਪ੍ਰਾਪਤ ਕਰ ਲੈਂਦੇ ਹਨ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਦੇ ਫਲ-ਸਰੂਪ ਅਥਾਹ ਸਾਗਰ ਹਥਾਲਾ (ਹਾਥ ਵਾਲਾ) ਹੋ ਜਾਂਦਾ ਹੈ (ਭਾਵ, ਅਤਿ ਡੂੰਘੇ ਸੰਸਾਰ-ਸਾਗਰ ਦੀ ਥਾਹ-ਡੂੰਘਾਈ ਦੀ ਸੋਝੀ ਹੋ ਆਉਂਦੀ ਹੈ)।

'ਨਾਨਕ' (ਮੁਹਰ-ਛਾਪ)—(ਪ੍ਰਭੂ-ਭਗਤੀ ਕਰਨ ਵਾਲੇ) ਭਗਤਾਂ ਨੂੰ ਸਦਾ ਖੇੜਾ ਖਿੜਿਆ ਰਹਿੰਦਾ ਹੈ।

(ਗੁਰੂ ਦੀ ਨਾਮ-ਸਿਖਿਆ) ਸੁਣੇ ਜਾਣ ਸਦਕਾ ਸਾਰੇ ਦੁਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥੧੧॥

(ਗੁਰੂ ਦੀ ਨਾਮ-ਸਿਖਿਆ ਮਨ ਬਚਨ ਕਰਮ ਕਰਕੇ) ਮੰਨ ਲਏ ਜਾਣ ਦੀ ਗਤੀ (ਉੱਚੀ ਆਤਮਿਕ ਅਵਸਥਾ ਪੂਰੀ ਤਰ੍ਹਾਂ) ਬਿਆਨ ਨਹੀਂ ਕੀਤੀ ਜਾ ਸਕਦੀ।

ਜੇ ਕੋਈ ਮਨੁੱਖ ਫੜ ਮਾਰੇ (ਕਿ ਉਹ 'ਮੰਨੇ ਕੀ ਗਤਿ' ਪੂਰੀ ਤਰ੍ਹਾਂ ਬਿਆਨ ਕਰ ਸਕਦਾ ਹੈ), ਉਹ ਮਗਰੋਂ ਪਛਤਾਉਂਦਾ ਹੈ (ਕਿਉਂਕਿ ਉਸ ਦੀ ਫੜ ਫੋਕੀ ਸਾਬਤ ਹੁੰਦੀ ਹੈ)।

(ਮੰਨੇ ਕੀ ਗਤਿ ਦੀ ਗੌਰਵਤਾ) ਕਾਗ਼ਜ਼ ਉੱਤੇ ਲਿਖਣ ਲਈ ਨਾ ਕੋਈ ਕਲਮ ਹੈ ਤੇ ਨਾ ਕੋਈ ਲਿਖਣ ਵਾਲਾ।

(ਵੀਚਾਰਵਾਨ ਲੋਕੀ) ਨਿੱਠ ਕੇ (ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਦਾ ਵੀਚਾਰ ਕਰਦੇ ਰਹਿੰਦੇ ਹਨ।

(ਮਾਇਆ ਦੀ ਕਾਲਖ ਤੋਂ ਮੁਕਤ ਵਾਹਿਗੁਰੂ ਦਾ) ਨਾਮ ਅਜਿਹਾ (ਪਾਰਸ-ਕਲਾ-ਸੰਪੰਨ) ਹੈ ਕਿ ਨਾਮ ਨੂੰ ਮੰਨਣ ਵਾਲਾ ਮਨੁੱਖ ਵੀ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ, ਪਰ ਤਾਂ ਹੀ, ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣਾ ਜਾਣ ਲਵੇ, ਅਜਿਹਾ ਕੋਈ ਵਿਰਲਾ ਹੀ ਹੈ॥੧੨॥

ਲਏ ਜਾਣ ਦੀ। ੫. ਉੱਚੀ (ਆਤਮਕ) ਅਵਸਥਾ। ੬. ਫੜ (ਸ਼ੇਖ਼ੀ) ਮਾਰਦਾ ਹੈ। ੭. ਕਾਗ਼ਜ਼ ਉੱਤੇ। ੮. ਨਿੱਠ ਕੇ, ਗਹੁ ਨਾਲ। ੯. ਮਾਇਆ ਦੀ ਕਾਲਖ ਤੋਂ ਮੁਕਤ। ੧੦. ਕੋਈ ਵਿਰਲਾ।

www.sikhbookclub.com

ਮੰਨੈ[1], ਸੁਰਤਿ[2] ਹੋਵੈ ਮਨਿ ਬੁਧਿ ॥

ਮੰਨੈ, ਸਗਲ ਭਵਣ ਕੀ ਸੁਧਿ[3] ॥

ਮੰਨੈ, ਮੁਹਿ ਚੋਟਾ ਨ ਖਾਇ ॥
(ਚੋਟਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਮੰਨੈ, ਜਮ ਕੈ ਸਾਥਿ ਨ ਜਾਇ ॥

ਐਸਾ ਨਾਮੁ, ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ, ਕੋਇ ॥੧੩॥
(ਨਿਰੰਜਨੁ—ਸਿਹਾਰੀ ਦਾ ਉਚਾਰਣ ਨੰਨੇ ਨਾਲ ਕਰਨਾ ਹੈ, ਰਾਰੇ ਨਾਲ ਨਹੀਂ।)
(ਮੰਨਿ, ਮਨਿ—ਦੋਹਾਂ ਸ਼ਬਦਾਂ ਦਾ ਉਚਾਰਣ ਫ਼ਰਕੋ ਫ਼ਰਕੀ ਹੈ।)
ਮੰਨੈ, ਮਾਰਗਿ ਠਾਕ[4] ਨ ਪਾਇ ॥

ਮੰਨੈ, [5]ਪਤਿ ਸਿਉ ਪਰਗਟੁ ਜਾਇ ॥
(ਸਿਉ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਮੰਨੈ, ਮਗੁ [6]ਨ ਚਲੈ ਪੰਥੁ ॥

ਮੰਨੈ, ਧਰਮ ਸੇਤੀ ਸਨਬੰਧੁ[7] ॥

ਐਸਾ ਨਾਮੁ, ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ, ਕੋਇ ॥੧੪॥
(ਨਿਰੰਜਨੁ—ਸਿਹਾਰੀ ਦਾ ਉਚਾਰਣ ਨੰਨੇ ਨਾਲ ਕਰਨਾ ਹੈ, ਰਾਰੇ ਨਾਲ ਨਹੀਂ।)
(ਮੰਨਿ, ਮਨਿ—ਦੋਹਾਂ ਸ਼ਬਦਾਂ ਦਾ ਉਚਾਰਣ ਫ਼ਰਕੋ ਫ਼ਰਕੀ ਹੈ।)

---

੧. ਮੰਨਿਐ, ਮੰਨ ਲਏ ਜਾਣ ਨਾਲ। ੨. ਸੂਝ, ਸੋਝੀ। ੩. ਸੋਝੀ। ੪. ਰੋਕ। ੫. ਪਤਿ-ਆਬਰੋ

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਨਾਲ ਮਨ ਵਿਚ ਅਤੇ ਬੁੱਧੀ ਵਿਚ (ਰੱਬੀ) ਸੋਝੀ (ਸੂਝ-ਬੂਝ) ਹੋ ਆਉਂਦੀ ਹੈ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਨਾਲ ਮਨੁੱਖ ਨੂੰ ਸਾਰੇ ਭਵਨਾਂ (ਅਥਵਾ, ਉਨ੍ਹਾਂ ਦੇ ਵਰਤਾਰੇ) ਦੀ ਸੋਝੀ ਹੋ ਜਾਂਦੀ ਹੈ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਨਾਲ ਮਨੁੱਖ ਮੂੰਹ ਉੱਤੇ (ਵਿਕਾਰਾਂ ਅਤੇ ਜਮਦੂਤਾਂ ਦੀਆਂ) ਸੱਟਾਂ (ਮਾਰ) ਨਹੀਂ ਖਾਂਦਾ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਨਾਲ (ਮਨੁੱਖ) ਜਮ ਦੇ ਵੱਸ ਨਹੀਂ ਪੈਂਦਾ।

(ਮਾਇਆ ਦੀ ਕਾਲਖ ਤੋਂ ਮੁਕਤ ਵਾਹਿਗੁਰੂ ਦਾ) ਨਾਮ ਅਜਿਹਾ (ਪਾਰਸ-ਕਲਾ-ਸੰਪੰਨ) ਹੈ ਕਿ ਨਾਮ ਨੂੰ ਮੰਨਣ ਵਾਲਾ ਮਨੁੱਖ ਵੀ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ, ਪਰ ਤਾਂ ਹੀ, ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣਾ ਜਾਣ ਲਵੇ, ਅਜਿਹਾ ਕੋਈ ਵਿਰਲਾ ਹੀ ਹੈ॥੧੩॥

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ (ਪਰਮਾਰਥ ਦੇ ਸੱਚੇ) ਮਾਰਗ 'ਤੇ ਚਲਦਿਆਂ ਕੋਈ ਰੁਕਾਵਟ ਨਹੀਂ ਪਾ ਸਕਦਾ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ ਜਗਿਆਸੂ ਸੋਭਾ-ਸਨਮਾਨ ਨਾਲ ਪਰਗਟ ਹੋ ਕੇ (ਸੱਚੀ ਦਰਗਾਹ ਵਿਚ) ਜਾਂਦਾ ਹੈ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ (ਜਗਿਆਸੂ ਨੂੰ) ਉਹ ਮਾਰਗ-ਪੰਥ (ਗੁਰਮਤਿ ਗਾੜੀ ਰਾਹ) ਨਸੀਬ ਹੁੰਦਾ ਹੈ, ਜੋ ਚਲਾਇਮਾਨ ਨਹੀਂ ਹੁੰਦਾ। [*ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥੩॥੭॥ ਪੰਨਾ ੪੨*]

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ (ਜਗਿਆਸੂ ਦਾ) ਰਿਸ਼ਤਾ ਧਰਮ ਨਾਲ ਜੁੜਿਆ ਰਹਿੰਦਾ ਹੈ।

(ਮਾਇਆ ਦੀ ਕਾਲਖ ਤੋਂ ਮੁਕਤ ਵਾਹਿਗੁਰੂ ਦਾ) ਨਾਮ ਅਜਿਹਾ (ਪਾਰਸ-ਕਲਾ-ਸੰਪੰਨ) ਹੈ ਕਿ ਨਾਮ ਨੂੰ ਮੰਨਣ ਵਾਲਾ ਵੀ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ, ਪਰ ਤਾਂ ਹੀ, ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣਾ ਜਾਣ ਲਵੇ, ਅਜਿਹਾ ਕੋਈ ਵਿਰਲਾ ਹੀ ਹੈ॥੧੪॥

ਨਾਲ, ਸੋਭਾ-ਸਨਮਾਨ ਨਾਲ। ੬. ਚਲਾਇਮਾਨ ਨਹੀਂ ਹੁੰਦਾ। ੭. ਸੰਬੰਧ, ਰਿਸ਼ਤਾ।

ਮੰਨੈ, ਪਾਵਹਿ[1] ਮੋਖੁ ਦੁਆਰੁ ॥

(ਪਾਵਹਿ—ਅੰਤਲੇ 'ਹ' ਦਾ ਉਚਾਰਣ ਨਾਸਕੀ।)

ਮੰਨੈ, ਪਰਵਾਰੈ ਸਾਧਾਰੁ[2] ॥

ਮੰਨੈ, ਤਰੈ[3], ਤਾਰੇ[4], ਗੁਰੁ[5] ਸਿਖ[6] ॥

ਮੰਨੈ, ਨਾਨਕ, ਭਵਹਿ ਨ ਭਿਖ[7] ॥

(ਭਵਹਿ—'ਹਿ' ਉਚਾਰਣ ਨਾਸਕੀ।)

ਐਸਾ ਨਾਮੁ, ਨਿਰੰਜਨੁ ਹੋਇ ॥

ਜੇ ਕੋ ਮੰਨਿ ਜਾਣੈ ਮਨਿ, ਕੋਇ ॥੧੫॥

(ਨਿਰੰਜਨੁ—ਸਿਹਾਰੀ ਦਾ ਉਚਾਰਣ ਨੰਨੇ ਨਾਲ ਕਰਨਾ ਹੈ, ਰਾਰੇ ਨਾਲ ਨਹੀਂ।)

(ਮੰਨਿ, ਮਨਿ—ਦੋਹਾਂ ਸ਼ਬਦਾਂ ਦਾ ਉਚਾਰਣ ਛਰਕੋਂ ਛਰਕੀ ਹੈ।)

ਪੰਚ[8] ਪਰਵਾਣ[9], ਪੰਚ ਪਰਧਾਨੁ[10] ॥

ਪੰਚੇ ਪਾਵਹਿ ਦਰਗਹਿ ਮਾਨੁ[11] ॥

(ਪਾਵਹਿ—ਅੰਤਲੇ 'ਹ' ਦਾ ਉਚਾਰਣ ਨਾਸਕੀ।)

ਪੰਚੇ ਸੋਹਹਿ[12] ਦਰਿ ਰਾਜਾਨੁ[13] ॥

(ਸੋਹਹਿ—ਅੰਤਲੇ 'ਹ' ਦਾ ਉਚਾਰਣ ਨਾਸਕੀ।)

ਪੰਚਾ ਕਾ ਗੁਰੁ ਏਕੁ ਧਿਆਨੁ ॥ (ਪੰਚਾ—ਅੰਤਲਾ 'ਾ' ਨਾਸਕੀ।)

---

੧. ਪਾ ਲੈਂਦੇ ਹਨ। ੨. ਅਧਾਰ, ਆਸਰੇ ਵਾਲਾ। ੩. (ਆਪ) ਤਰਦਾ ਹੈ। ੪. (ਹੋਰਨਾਂ ਨੂੰ) ਤਾਰਦਾ ਹੈ। ੫. ਗੁਰੂ (ਸਰੂਪ)। ੬. ਸਿਖਿਆ। ੭. ਭਿਖਿਆ ਖ਼ਾਤਰ ਭਿਖਾਰੀ ਬਣ ਕੇ। ੮. ਸ੍ਰੇਸ਼ਟ ਪੁਰਸ਼।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ (ਜਗਿਆਸੂ) ਮੋਖ (ਜਨਮ ਮਰਨ ਤੋਂ ਛੁਟਕਾਰਾ ਦੇਣ) ਵਾਲਾ ਪ੍ਰਭੂ-ਦਰ ਪ੍ਰਾਪਤ ਕਰ ਲੈਂਦੇ ਹਨ।

(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਕਰਕੇ (ਜਗਿਆਸੂ ਆਪਣੇ ਸਮੂਹ) ਪਰਵਾਰ ਨੂੰ ਰੱਬੀ ਆਸਰੇ ਵਾਲਾ ਕਰ ਲੈਂਦਾ ਹੈ।

(ਗੁਰੂ ਦੀ) ਗੁਰੂ-ਸਰੂਪ ਸਿਖਿਆ ਨੂੰ ਮੰਨ ਲਏ ਜਾਣ ਕਰਕੇ (ਜਗਿਆਸੂ ਆਪ ਸੰਸਾਰ-ਸਾਗਰ ਤੋਂ) ਤਰ ਜਾਂਦਾ ਹੈ ਅਤੇ (ਗੁਰ-ਸਿਖਿਆ ਦੇ ਪ੍ਰਸਾਰ ਦੁਆਰਾ ਹੋਰਨਾਂ ਨੂੰ) ਤਾਰ ਦੇਂਦਾ ਹੈ।
[*ਆਪਿ ਤਰੇ ਤਾਰੇਨਿ ਸਰਿਠਾ ॥—ਭਾ: ਗੁਰਦਾਸ ਜੀ, ਵਾਰ ੧੨, ਪਉੜੀ ੧*]

'ਨਾਨਕ' (ਮੁਹਰ-ਛਾਪ)—(ਗੁਰੂ ਦੀ ਨਾਮ-ਸਿਖਿਆ) ਮੰਨ ਲਏ ਜਾਣ ਸਦਕਾ (ਜਗਿਆਸੂ ਆਤਮ-ਗਿਆਨ ਦੀ) ਭਿਖਿਆ ਖ਼ਾਤਰ ਭਿਖਾਰੀ ਬਣ ਕੇ (ਦਰ ਦਰ 'ਤੇ) ਭਟਕਦੇ ਨਹੀਂ ਫਿਰਦੇ।
[*ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥੫॥—ਪੰਨਾ ੭੨੯*]

(ਮਾਇਆ ਦੀ ਕਾਲਖ ਤੋਂ ਮੁਕਤ ਵਾਹਿਗੁਰੂ ਦਾ) ਨਾਮ ਅਜਿਹਾ (ਪਾਰਸ- ਕਲਾ-ਸੰਪੰਨ) ਹੈ ਕਿ ਨਾਮ ਨੂੰ ਮੰਨਣ ਵਾਲਾ ਵੀ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ, ਪਰ ਤਾਂ ਹੀ, ਜੇ ਕੋਈ ਨਾਮ ਨੂੰ ਮਨ ਕਰਕੇ ਮੰਨਣਾ ਜਾਣ ਲਵੇ, ਅਜਿਹਾ ਕੋਈ ਵਿਰਲਾ ਹੀ ਹੈ ॥੧੫॥

(ਗੁਰੂ ਦੀ ਨਾਮ-ਸਿਖਿਆ ਸੁਣ ਕੇ ਮੰਨਣ ਵਾਲੇ) ਸ੍ਰੇਸ਼ਟ ਪੁਰਸ਼ (ਪ੍ਰਭੂ ਦੀ ਨਦਰਿ ਵਿਚ) ਕਬੂਲ ਪੈਂਦੇ ਹਨ। (ਅਜਿਹੇ) ਸ੍ਰੇਸ਼ਟ-ਪੁਰਸ਼ ਹੀ ਮੁਖੀਏ ਜਾਣੀਦੇ ਹਨ।

(ਅਜਿਹੇ) ਸ੍ਰੇਸ਼ਟ-ਪੁਰਸ਼ (ਪ੍ਰਭੂ ਦੀ) ਦਰਗਾਹ ਵਿਚ ਆਦਰ-ਸਤਿਕਾਰ ਪਾਉਂਦੇ ਹਨ।

(ਅਜਿਹੇ) ਸ੍ਰੇਸ਼ਟ-ਪੁਰਸ਼ ਸੋਭਾ ਪਾਉਂਦੇ ਹਨ (ਉਸ ਵਾਹਿਗੁਰੂ ਦੇ) ਦਰ ਉੱਤੇ, ਜੋ ਰਾਜਾਨ-ਰਾਜ ਹੈ।

(ਅਜਿਹੇ) ਸ੍ਰੇਸ਼ਟ-ਪੁਰਸ਼ਾਂ ਦਾ ਧਿਆਨ (ਸੁਰਤੀ ਦਾ ਕੇਂਦਰ) ਕੇਵਲ ਗੁਰੂ (ਸ਼ਬਦ) ਹੀ ਹੁੰਦਾ ਹੈ।

੯. ਕਬੂਲ ਹੁੰਦੇ (ਹਨ)। ੧੦. ਮੁਖੀਏ। ੧੧. ਆਦਰ-ਸਤਿਕਾਰ। ੧੨. ਸੋਭਦੇ ਹਨ। ੧੩. ਰਾਜਿਆਂ ਦਾ ਰਾਜਾ (ਵਾਹਿਗੁਰੂ)।

ਜੇ ਕੋ ਕਹੈ, ਕਰੈ[1] ਵੀਚਾਰੁ ॥
ਕਰਤੇ ਕੈ ਕਰਣੈ[2] ਨਾਹੀ ਸੁਮਾਰੁ[3] ॥

(ਸੁਮਾਰੁ—'ਸ' ਦਾ ਉਚਾਰਣ ਵਿਸ਼ੇਸ਼ ਧੁਨੀ।)

ਧੌਲੁ[4] ਧਰਮੁ, ਦਇਆ ਕਾ ਪੂਤੁ ॥

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ[5] ॥

ਜੇ ਕੋ ਬੁਝੈ, ਹੋਵੈ ਸਚਿਆਰੁ[6] ॥
ਧਵਲੈ ਉਪਰਿ ਕੇਤਾ[7] ਭਾਰੁ ॥

ਧਰਤੀ ਹੋਰੁ[8], ਪਰੈ ਹੋਰੁ ਹੋਰੁ ॥
[9]ਤਿਸ ਤੇ ਭਾਰੁ, ਤਲੈ ਕਵਣੁ ਜੋਰੁ[10] ॥

ਜੀਅ ਜਾਤਿ [11]ਰੰਗਾ ਕੇ ਨਾਵ ॥ (ਜੀਅ—'ਅ' ਦਾ ਉਚਾਰਣ 'ਆ' ਨਹੀਂ।
ਰੰਗਾ—ਅੰਤਲੇ ਸੁਰ ਦਾ ਉਚਾਰਣ ਨਾਸਕੀ। 'ਕੇ'—ਪੜਨਾਂਵ, 'ਕੋਇ' ਦਾ ਸੰਖਿਪਤ ਰੂਪ।)

ਸਭਨਾ ਲਿਖਿਆ ਵੁੜੀ[12] ਕਲਾਮ[13] ॥

(ਸਭਨਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

---

੧. ਕਰ ਵੇਖੇ। ੨. ਕੀਤੇ ਹੋਏ (ਸੰਸਾਰ) ਦਾ। ੩. ਅੰਤ-ਅੰਦਾਜ਼ਾ। ੪. ਚਿੱਟਾ (ਬਲਦ)।
੫. ਮਰਯਾਦਾ ਵਿਚ। ੬. ਸੱਚ ਸਰੂਪ। ੭. ਕਿਤਨਾ ਹੀ (ਬੇਅੰਤ)। ੮. ਹੋਰ (ਬਲਦ)।

ਜੇ ਕੋਈ ਮਨੁੱਖ (ਕਰਤਾਰ ਜਾਂ ਉਸ ਦੇ ਸਿਰਜੇ ਬ੍ਰਹਮੰਡ ਬਾਰੇ ਕੁਝ) ਕਥਨ ਕਰਦਾ ਹੈ, ਉਹ (ਦੀਰਘ) ਵੀਚਾਰ ਕਰ ਵੇਖੇ, ਕਰਤੇ ਜਾਂ ਕਰਤੇ ਦੇ ਕੀਤੇ ਹੋਏ (ਸੰਸਾਰ) ਦਾ ਕੋਈ ਅੰਤ-ਅੰਦਾਜ਼ਾ ਨਹੀਂ (ਲੱਗ ਸਕਦਾ)।

ਧੌਲ (ਚਿੱਟੇ ਰੰਗ ਦਾ ਅਨੁਮਾਨਤ ਬਲਦ, ਜਿਸ ਬਾਰੇ ਸਨਾਤਨੀ ਕਿਆਸ ਹੈ ਕਿ ਉਸ ਨੇ ਪ੍ਰਿਥਵੀ ਆਪਣੇ ਸਿੰਙਾਂ 'ਤੇ ਥੰਮ੍ਹੀ ਹੋਈ ਹੈ, ਵਾਸਤਵ ਵਿਚ) ਧਰਮ ਹੀ ਹੈ, ਜੋ ਦਇਆ ਦਾ ਪੁੱਤਰ ਹੈ (ਭਾਵ, ਧਰਤੀ ਦਾ ਸਹਾਰਾ ਧਰਮ, ਦਇਆ ਤੋਂ ਉਪਜਦਾ ਹੈ)।

ਜਿਸ (ਧਰਮ) ਨੇ ਸੰਤੋਖ (ਸੰਤੁਸ਼ਟਤਾ ਵਾਲੇ ਸੁਭਾਅ) ਨੂੰ ਸਥਾਪਤ ਕਰ ਕੇ (ਵਿਸ਼ਵ ਸੰਸਾਰ ਨੂੰ) ਮਰਯਾਦਾ ਵਿਚ ਬੰਨ੍ਹ ਰਖਿਆ ਹੈ।

ਜੇ ਕੋਈ ਮਨੁੱਖ (ਧਰਮ ਦੇ ਧਰਣੀ-ਧਰ ਹੋਣ ਦੇ ਭੇਤ ਨੂੰ) ਜਾਣ ਲਏ ਤਾਂ ਉਹ (ਨਿਰਸੰਦੇਹ) ਸੱਚ-ਸਰੂਪ ਹੋ ਨਿਬੜਦਾ ਹੈ, (ਕਿਉਂਜੁ) ਧਵਲ (ਧਰਮ) ਉੱਤੇ ਕਿੰਨਾ ਹੀ (ਬੇਅੰਤ) ਭਾਰ ਹੈ (ਜੋ ਕਿਸੇ ਬਲਦ ਦੇ ਚੁਕ ਸਕਣ ਦੀ ਸਮਰੱਥਾ ਤੋਂ ਬਾਹਰਾ ਹੈ)।

(ਜੇ ਧਰਤੀ ਦਾ ਭਾਰ ਥੰਮ੍ਹਣ ਲਈ ਥੱਲੇ ਕਿਸੇ ਬਲਦ ਦੀ ਹੋਂਦ ਮੰਨ ਲਈਏ ਤਾਂ ਉਸ ਦੇ ਖਲੋਣ ਲਈ ਥੱਲੇ ਹੋਰ ਧਰਤੀ ਚਾਹੀਦੀ ਹੈ ਅਤੇ ਉਸ) ਧਰਤੀ ਥੱਲੇ ਹੋਰ ਬਲਦ ਹੋਣਾ ਚਾਹੀਦਾ ਹੈ। (ਇਸ ਤਰ੍ਹਾਂ) ਧਰਤੀ ਪਰੇ ਤੋਂ ਪਰੇ ਮੰਨਣੀ ਪਵੇਗੀ, ਫਿਰ ਉਸ ਦਾ ਭਾਰ ਥੰਮ੍ਹਣ ਲਈ ਹੋਰ ਹੋਰ ਬਲਦ ਵੀ ਮੰਨਣਾ ਪਵੇਗਾ। ਉਸ (ਸਭ ਤੋਂ ਹੇਠਲੇ ਬਲਦ) ਉਪਰ (ਉਪਰਲੀਆਂ ਧਰਤੀਆਂ ਅਤੇ ਬਲਦਾਂ ਦਾ ਬੇਅੰਤ) ਭਾਰ ਹੋਵੇਗਾ, ਉਸ ਹੇਠਾਂ ਕਿਹੜਾ ਬਲ ਹੈ, (ਜਿਸ ਦੇ ਆਸਰੇ ਉਹ ਖੜਾ ਹੈ)?

(ਹਰੇਕ ਧਰਤੀ ਉੱਤੇ ਪ੍ਰਭੂ ਦੀ ਨਾਨਾ-ਪ੍ਰਕਾਰੀ ਰਚਨਾ ਵਿਚ) ਕਈ ਜਾਤੀਆਂ, ਕਈ ਰੰਗਾਂ ਅਤੇ ਕਈ ਨਾਵਾਂ ਵਾਲੇ ਜੀਵ-ਜੰਤੂ ਹਨ।

ਸਾਰਿਆਂ (ਜੀਵ-ਜੰਤੂਆਂ ਦੇ ਮੱਥੇ ਉੱਤੇ) ਨਿਰੰਤਰ ਚਲਦੀ ਹੁਕਮ-ਰੂਪੀ ਕਲਮ ਨਾਲ (ਵਿਧਾਤਾ ਵਲੋਂ ਕਰਮ-ਲੇਖ) ਲਿਖਿਆ ਹੋਇਆ ਹੈ।

---

੯. ਉਸ (ਬਲਦ) ਉਤੇ। ੧੦. ਬਲ (ਆਸਰਾ)। ੧੧. ਕਈ ਰੰਗਾਂ ਵਾਲੇ। ੧੨. (ਨਿਰੰਤਰ) ਚਲਦੀ ਹੋਈ। ੧੩. (ਹੁਕਮ-ਰੂਪੀ) ਕਲਮ ਨਾਲ।

ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥

ਕੇਤਾ ਤਾਣੁ[੧] ਸੁਆਲਿਹੁ[੨] ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ[੩] ॥
(ਸੁਆਲਿਹੁ—'ਹ' ਦਾ ਉਚਾਰਣ 'ੳ' ਦਰੁਸਤ ਨਹੀਂ।)
ਕੀਤਾ ਪਸਾਉ[੪] ਏਕੋ ਕਵਾਉ[੫] ॥

[੬]ਤਿਸ ਤੇ ਹੋਏ ਲਖ ਦਰੀਆਉ[੭] ॥

ਕੁਦਰਤਿ[੮] ਕਵਣ, ਕਹਾ ਵੀਚਾਰੁ ॥
(ਕਹਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਵਾਰਿਆ ਨ ਜਾਵਾ ਏਕ ਵਾਰ ॥
(ਜਾਵਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ[੯] ਨਿਰੰਕਾਰ ॥੧੬॥

ਅਸੰਖ[੧੦] ਜਪ, ਅਸੰਖ ਭਾਉ[੧੧] ॥

ਅਸੰਖ ਪੂਜਾ, ਅਸੰਖ ਤਪਤਾਉ[੧੨] ॥

ਅਸੰਖ ਗਰੰਥ ਮੁਖਿ[੧੩] ਵੇਦ ਪਾਠ ॥

---

੧. ਬਲ। ੨. ਸੁੰਦਰ। ੩. ਅੰਦਾਜ਼ਾ। ੪. ਪਸਾਰਾ। ੫. ਸ਼ਬਦ-ਹੁਕਮ। ੬. ਉਸ (ਸ਼ਬਦ-ਹੁਕਮ) ਤੋਂ। ੭. ਚੇਤਨਾ-ਪ੍ਰਵਾਹ। ੮. ਪਾਇਆਂ (ਹਸਤੀ)। ੯. ਕਾਇਮ ਦਾਇਮ (ਸਦਾ ਥਿਰ)।

(ਜੀਵਾਂ ਦਾ) ਇਹ ਕਰਮ-ਲੇਖਾ ਜੇ ਕੋਈ ਮਨੁੱਖ ਲਿਖਣਾ ਜਾਣਦਾ ਹੋਵੇ, ਤਾਂ ਇਹ ਲਿਖਿਆ ਹੋਇਆ ਲੇਖਾ ਕਿੰਨਾ ਹੀ (ਵਿਸਥਾਰ ਵਾਲਾ) ਹੋ ਜਾਵੇਗਾ (ਜੋ ਮਨੁੱਖੀ ਸਮਝ ਅਤੇ ਲਿਖਣ-ਸ਼ਕਤੀ ਤੋਂ ਬਾਹਰਾ ਹੈ)।

(ਹੇ ਕਰਤਾ ਪੁਰਖ! ਤੇਰਾ) ਕਿੰਨਾ ਵੱਡਾ ਬਲ ਹੈ, ਕਿੰਨਾ ਸੁੰਦਰ ਸਰੂਪ ਹੈ, ਕਿੰਨੀ ਵੱਡੀ ਦਾਤਿ ਹੈ, (ਇਸ ਦਾ) ਅੰਦਾਜ਼ਾ ਕੌਣ ਜਾਣ ਸਕਦਾ ਹੈ?

(ਹੇ ਕਰਤਾਰ! ਆਪ ਜੀ ਨੇ) ਇਕ ਸ਼ਬਦ-ਹੁਕਮ ਕੀਤਾ ਅਤੇ (ਸ਼ਬਦ-ਹੁਕਮ ਦੁਆਰਾ) ਸਾਰਾ ਬ੍ਰਹਮੰਡ-ਪਸਾਰਾ ਕਰ ਦਿੱਤਾ।

ਉਸ (ਸ਼ਬਦ-ਹੁਕਮ) ਤੋਂ ਲੱਖਾਂ ਚੇਤਨਾ-ਪ੍ਰਵਾਹ ਹੋਂਦ ਵਿਚ ਆ ਗਏ।

(ਹੇ ਕਰਤਾਰ!) ਮੇਰੀ ਕੀ ਪਾਇਆਂ (ਹਸਤੀ) ਹੈ ਕਿ ਮੈਂ (ਤੇਰਾ ਜਾਂ ਤੇਰੀ ਕੁਦਰਤ ਦਾ) ਵੀਚਾਰ (ਬਿਆਨ) ਕਰ ਸਕਾਂ।

ਮੈਂ ਕਿਉਂ ਨਾ (ਸਾਰੀਆਂ ਗਿਣਤੀਆਂ ਮਿਣਤੀਆਂ ਛੱਡ ਕੇ) ਇਕੋ ਵਾਰੀ (ਸਾਰੇ ਦਾ ਸਾਰਾ ਤੈਥੋਂ) ਕੁਰਬਾਨ ਹੋ ਜਾਵਾਂ?

ਹੇ ਨਿਰੰਕਾਰ! (ਆਕਾਰ-ਰਹਿਤ ਵਾਹਿਗੁਰੂ!) ਜੋ ਕਾਰ (ਕੀਤੀ ਜਾਣੀ) ਤੈਨੂੰ ਚੰਗੀ ਲੱਗਦੀ ਹੈ, ਓਹੀ ਭਲੀ ਹੈ। (ਤੇਰੇ ਹੁਕਮ ਵਿਚ ਤੇਰੀ ਕੁਦਰਤ ਤਾਂ ਭਾਵੇਂ ਬਦਲਦੀ ਰਹਿੰਦੀ ਹੈ, ਪਰ) ਤੂੰ ਸਦਾ ਕਾਇਮ ਦਾਇਮ ਹੈਂ॥੧੬॥

(ਨੋਟ—ਅਗਲੀਆਂ ਪਉੜੀਆਂ ਵਿਚ ਚੇਤਨਾ-ਪ੍ਰਵਾਹਾਂ ਦਾ ਵਰਣਨ ਹੈ।)

(ਵਾਹਿਗੁਰੂ ਦੀ ਅਦਭੁਤ ਰਚਨਾ ਵਿਚ) ਅਸੰਖ (ਸੰਖਿਆ ਅਥਵਾ ਗਿਣਤੀ ਤੋਂ ਪਰੇ) ਜਪ ਜਪਣ ਵਾਲੇ (ਜਪੀ) ਹਨ, ਅਣਗਿਣਤ ਪ੍ਰੇਮ ਕਰਨ ਵਾਲੇ (ਪ੍ਰੇਮੀ) ਹਨ।

ਅਣਗਿਣਤ ਹੀ ਪੂਜਾ ਕਰਨ ਵਾਲੇ (ਪੁਜਾਰੀ) ਹਨ, ਅਣਗਿਣਤ ਹੀ ਤਪ ਤਾਉਣ ਵਾਲੇ (ਤਪੱਸਵੀ) ਹਨ।

ਅਣਗਿਣਤ ਹੀ ਗ੍ਰੰਥ ਵਾਚਣ ਵਾਲੇ ਅਤੇ ਮੂੰਹ-ਜ਼ਬਾਨੀ ਵੇਦਾਂ ਦਾ ਪਾਠ ਕਰਨ ਵਾਲੇ (ਵੇਦ-ਪਾਠੀ) ਹਨ।

---

੧੦. ਸੰਖਿਆ (ਗਿਣਤੀ) ਤੋਂ ਪਰੇ। ੧੧. ਪ੍ਰੇਮ ਕਰਨ ਵਾਲੇ (ਪ੍ਰੇਮੀ)।੧੨. ਤਪ ਤਾਉਣ ਵਾਲੇ (ਤਪੱਸਵੀ)। ੧੩. ਮੂੰਹ-ਜ਼ਬਾਨੀ।

ਅਸੰਖ ਜੋਗਾ[1] ਮਨਿ ਰਹਹਿ ਉਦਾਸ[2] ॥

(ਰਹਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਸੰਖ ਭਗਤ ਗੁਣ ਗਿਆਨ ਵੀਚਾਰ ॥

ਅਸੰਖ ਸਤੀ[3], ਅਸੰਖ ਦਾਤਾਰ ॥

ਅਸੰਖ ਸੂਰ[4] ਮੁਹ [5]ਭਖ ਸਾਰ ॥

(ਮੁਹ—'ਮ' ਉਚਾਰਣ ਨਾਸਕੀ (ਮੂੰਹਾਂ ਉੱਤੇ)।)

ਅਸੰਖ ਮੋਨਿ[6] [7]ਲਿਵ ਲਾਇ ਤਾਰ ॥

ਕੁਦਰਤਿ[8] ਕਵਣ, ਕਹਾ ਵੀਚਾਰੁ ॥

(ਕਹਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।)

ਵਾਰਿਆ ਨ ਜਾਵਾ ਏਕ ਵਾਰ ॥

(ਜਾਵਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।)

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਅਸੰਖ ਮੂਰਖ [9]ਅੰਧ ਘੋਰ ॥

ਅਸੰਖ ਚੋਰ ਹਰਾਮਖੋਰ[10] ॥

ਅਸੰਖ ਅਮਰ[11] ਕਰਿ ਜਾਹਿ ਜੋਰ ॥

(ਜਾਹਿ—ਅੰਤਲੇ 'ਹ' ਦਾ ਉਚਾਰਣ ਨਾਸਕੀ।)

---

੧. ਜੋਗ-ਸਾਧਨਾ ਕਰਨ ਵਾਲੇ (ਜੋਗੀ)। ੨. ਉਪਰਾਮ। ੩. ਸਤਵਾਦੀ। ੪. ਸੂਰਮੇ। ੫. ਲੋਹਾ ਖਾਣ (ਸ਼ਸਤ੍ਰਾਂ ਦੇ ਵਾਰ ਸਹਾਰਨ) ਵਾਲੇ। ੬. ਮੌਨਧਾਰੀ। ੭. ਇਕ-ਟਕ ਮੌਨ-ਸਮਾਧੀ ਲਾਈ

ਅਣਗਿਣਤ ਹੀ ਜੋਗ-ਸਾਧਨਾ ਕਰਨ ਵਾਲੇ (ਜੋਗੀ) ਹਨ, ਜੋ ਮਨ ਕਰਕੇ (ਮਾਇਕੀ ਧੰਧੇ ਤੋਂ) ਉਪਰਾਮ ਰਹਿੰਦੇ ਹਨ।

ਅਣਗਿਣਤ ਹੀ (ਪ੍ਰਭੂ ਦੇ) ਗੁਣਾਂ ਅਤੇ ਗਿਆਨ ਦੀ ਵੀਚਾਰ ਕਰਨ ਵਾਲੇ ਭਗਤ-ਜਨ ਹਨ।

ਅਣਗਿਣਤ ਸਤਵਾਦੀ (ਸੱਚੇ ਸੁੱਚੇ ਆਚਰਣ ਵਾਲੇ) ਹਨ, ਅਣਗਿਣਤ ਹੀ ਦਾਨੀ ਹਨ।

ਅਣਗਿਣਤ ਹੀ ਮੂੰਹਾਂ ਉੱਤੇ (ਭਾਵ, ਸਨਮੁਖ ਹੋ ਕੇ) ਲੋਹਾ ਖਾਣ (ਸ਼ਸਤ੍ਰਾਂ ਦੇ ਵਾਰ ਸਹਾਰਨ) ਵਾਲੇ ਸੂਰਬੀਰ ਹਨ।

ਅਣਗਿਣਤ ਹੀ ਇਕ-ਟੱਕ ਮੌਨ-ਸਮਾਧੀ ਲਾਈ ਰਖਣ ਵਾਲੇ ਮੌਨੀ ਹਨ।

(ਹੇ ਕਰਤਾਰ !) ਮੇਰੀ ਕੀ ਪਾਇਆਂ (ਹਸਤੀ) ਹੈ ਕਿ ਮੈਂ (ਤੇਰਾ ਜਾਂ ਤੇਰੀ ਕੁਦਰਤ ਦਾ) ਵੀਚਾਰ (ਬਿਆਨ) ਕਰ ਸਕਾਂ।

ਮੈਂ ਕਿਉਂ ਨਾ ਇਕੋ ਵਾਰੀ (ਸਾਰੇ ਦਾ ਸਾਰਾ ਤੈਥੋਂ) ਕੁਰਬਾਨ ਹੋ ਜਾਵਾਂ ?

SIKHBOOKCLUB.COM

ਹੇ ਅਕਾਰ-ਰਹਿਤ ਵਾਹਿਗੁਰੂ ! ਜੋ ਕਾਰ (ਕੀਤੀ ਜਾਣੀ) ਤੈਨੂੰ ਚੰਗੀ ਲੱਗਦੀ ਹੈ, ਓਹੀ ਭਲੀ ਹੈ। (ਤੇਰੇ ਹੁਕਮ ਵਿਚ ਤੇਰੀ ਕੁਦਰਤ ਤਾਂ ਭਾਵੇਂ ਬਦਲਦੀ ਰਹਿੰਦੀ ਹੈ, ਪਰ) ਤੂੰ ਸਦਾ ਕਾਇਮ-ਦਾਇਮ ਹੈਂ ॥੧੭॥

(ਵਾਹਿਗੁਰੂ ਦੀ ਅਦਭੁਤ ਰਚਨਾ ਵਿਚ) ਅਣਗਿਣਤ ਹੀ ਪਰਲੇ ਦਰਜੇ ਦੇ ਘੋਰ ਅਗਿਆਨੀ ਅਤੇ ਮਹਾਂ-ਮੂਰਖ (ਮਨੁੱਖ) ਹਨ।

ਅਣਗਿਣਤ ਹੀ ਹਰਾਮ (ਬੇਈਮਾਨੀ ਦਾ ਖਟਿਆ) ਖਾਣ ਵਾਲੇ ਚੋਰ ਹਨ।

ਅਣਗਿਣਤ ਹੀ ਹੁਕਮਰਾਨ (ਪਰਜਾ ਉੱਤੇ ਨਿਰੰਤਰ) ਜ਼ੋਰ-ਜ਼ੁਲਮ ਕਰੀ ਜਾਂਦੇ ਹਨ।

ਰਖਣ ਵਾਲੇ। ੮. ਪਾਇਆਂ (ਹਸਤੀ)। ੯. ਮਹਾਂ ਅਗਿਆਨੀ। ੧੦. ਬੇਈਮਾਨੀ ਦਾ ਖਟਿਆ ਖਾਣ ਵਾਲੇ। ੧੧. ਹੁਕਮਰਾਨ।

ਅਸੰਖ ਗਲਵਢ[1] ਹਤਿਆ ਕਮਾਹਿ ॥

(ਕਮਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਸੰਖ ਪਾਪੀ ਪਾਪੁ [2]ਕਰਿ ਜਾਹਿ ॥

(ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਸੰਖ ਕੂੜਿਆਰ ਕੂੜੇ[3] ਫਿਰਾਹਿ ॥

(ਫਿਰਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਸੰਖ ਮਲੇਛ[4] ਮਲੁ[5] ਭਖਿ[6] ਖਾਹਿ ॥

(ਖਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਸੰਖ ਨਿੰਦਕ ਸਿਰਿ [7]ਕਰਹਿ ਭਾਰੁ ॥

(ਕਰਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਨਾਨਕੁ ਨੀਚੁ ਕਹੈ ਵੀਚਾਰੁ ॥

SIKHBOOKCLUB.COM

ਵਾਰਿਆ ਨ ਜਾਵਾ ਏਕ ਵਾਰ ॥

(ਜਾਵਾ—ਅੰਤਲੇ ਸੂਰ ਦਾ ਉਚਾਰਣ ਨਾਸਕੀ।)

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਅਸੰਖ ਨਾਵ, ਅਸੰਖ ਥਾਵ ॥

(ਨਾਵ, ਥਾਵ—'ਨਾ', 'ਥਾ' ਦੇ ਉਚਾਰਣ ਨਾਸਕੀ।)

ਅਗੰਮ[8], ਅਗੰਮ, ਅਸੰਖ ਲੋਅ[9] ॥

(ਲੋਅ—'ਅ' ਦਾ ਉਚਾਰਣ 'ਆ' ਨਹੀਂ।)

---

੧. ਹਤਿਆਰੇ (ਗਲ ਵੱਢਣ ਵਾਲੇ)। ੨. ਕਰੀ ਜਾਂਦੇ ਹਨ। ੩. ਕੂੜ ਵਿਚ। ੪. ਭ੍ਰਿਸ਼ਟ ਬੁੱਧੀ

ਅਣਗਿਣਤ ਹਤਿਆਰੇ ਜੀਵ-ਹੱਤਿਆ ਕਮਾਈ ਜਾਂਦੇ ਹਨ।

ਅਣਗਿਣਤ ਪਾਪੀ-ਜੀਵ (ਜੀਵਨ ਪ੍ਰਯੰਤ) ਨਿਰਾ ਪਾਪ ਹੀ ਕਰੀ ਜਾਂਦੇ ਹਨ।

ਅਣਗਿਣਤ ਝੂਠ ਦੇ ਵਣਜਾਰੇ (ਜੀਵਨ ਭਰ) ਝੂਠ ਵਿਚ ਪ੍ਰਵਿਰਤ ਹੋਏ ਫਿਰਦੇ ਹਨ।

ਅਣਗਿਣਤ ਭ੍ਰਿਸ਼ਟ-ਬੁੱਧੀ ਵਾਲੇ (ਜੀਵ ਨਿਰੰਤਰ) ਗੰਦ ਹੀ ਬਕਦੇ ਹਨ, ਗੰਦ ਹੀ ਖਾਂਦੇ ਹਨ।

ਅਣਗਿਣਤ ਪਰਾਈ ਬਦਖ਼ੋਈ ਕਰਨ ਵਾਲੇ ਸਿਰ 'ਤੇ (ਨਿੰਦਿਆ ਕਰਨ ਦਾ) ਭਾਰ ਚੁੱਕੀ ਜਾਂਦੇ ਹਨ।

(ਆਪਣੇ ਸਿਖ-ਸੇਵਕਾਂ ਲਈ ਨਿਮ੍ਰਤਾ ਦਾ ਪੂਰਨਾ ਪਾਉਂਦੇ ਹੋਏ ਗੁਰਦੇਵ ਕਥਨ ਕਰਦੇ ਹਨ) ਨੀਵਾਂ ਨਾਨਕ (ਪ੍ਰਭੂ ਦੀ ਅਦਭੁਤ ਰਚਨਾ ਵਿਚ ਘਟੀਆ ਕਿਸਮ ਦਾ ਬਿਉਹਾਰ ਕਰਨ ਵਾਲੇ ਲੋਕਾਂ ਦਾ) ਵੀਚਾਰ ਕਥਨ ਕਰਦਾ ਹੈ।

(ਹੇ ਨਿਰੰਕਾਰ!) ਮੈਂ ਕਿਉਂ ਨਾ ਇਕੋ ਵਾਰ (ਸਾਰੇ ਦਾ ਸਾਰਾ ਤੈਥੋਂ) ਕੁਰਬਾਨ ਹੋ ਜਾਵਾਂ?

ਹੇ ਅਕਾਰ-ਰਹਿਤ ਵਾਹਿਗੁਰੂ! ਜੋ ਕਾਰ (ਕੀਤੀ ਜਾਣੀ) ਤੈਨੂੰ ਚੰਗੀ ਲਗਦੀ ਹੈ, ਓਹੀ ਭਲੀ ਹੈ। (ਤੇਰੇ ਹੁਕਮ ਵਿਚ ਤੇਰੀ ਕੁਦਰਤ ਤਾਂ ਭਾਵੇਂ ਬਦਲਦੀ ਰਹਿੰਦੀ ਹੈ, ਪਰ) ਤੂੰ ਸਦਾ ਕਾਇਮ-ਦਾਇਮ ਹੈਂ॥੧੮॥

(ਕਰਤਾ ਪੁਰਖ ਦੀ ਅਨੰਤ ਰਚਨਾ ਵਿਚ ਜੀਵ-ਜੰਤੂਆਂ, ਪਦਾਰਥਾਂ ਅਤੇ ਅਸਥਾਨਾਂ ਦੇ) ਅਣਗਿਣਤ ਨਾਮ ਹਨ ਅਤੇ ਅਣਗਿਣਤ ਸਥਾਨ ਹਨ।

ਮਨੁੱਖੀ ਪਹੁੰਚ ਅਤੇ ਸੂਝ-ਬੂਝ ਤੋਂ ਪਰੇ ਅਣਗਿਣਤ ਲੋਕ (ਮੰਡਲ) ਹਨ।

ਵਾਲੇ। ੫. ਮਲ, ਮੈਲ, ਗੰਦ। ੬. ਭਾਖਦੇ ਹਨ, ਕਹਿੰਦੇ ਹਨ। ੭. ਭਾਰ ਚੁਕੀ ਫਿਰਦੇ ਹਨ। ੮. ਮਨੁੱਖੀ ਸੂਝ-ਬੂਝ ਤੋਂ ਪਰੇ। ੯. ਲੋਕ, ਮੰਡਲ।

ਅਸੰਖ ਕਹਹਿ, ਸਿਰਿ[1] ਭਾਰੁ ਹੋਇ॥

(ਕਹਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਖਰੀ[2] ਨਾਮੁ, ਅਖਰੀ ਸਾਲਾਹ॥

(ਅਖਰੀ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਅਖਰੀ, ਗਿਆਨੁ ਗੀਤ ਗੁਣ ਗਾਹ[3]॥

(ਅਖਰੀ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਅਖਰੀ, ਲਿਖਣੁ ਬੋਲਣੁ ਬਾਣਿ[4]॥

(ਅਖਰੀ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਅਖਰਾ, ਸਿਰਿ ਸੰਜੋਗੁ ਵਖਾਣਿ॥

(ਅਖਰਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਜਿਨਿ[1] ਏਹਿ ਲਿਖੇ, ਤਿਸੁ ਸਿਰਿ ਨਾਹਿ॥

(ਨਾਹਿ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਜਿਵ ਫੁਰਮਾਏ, ਤਿਵ ਤਿਵ ਪਾਹਿ[5]॥

(ਪਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਜੇਤਾ[2] ਕੀਤਾ[6], ਤੇਤਾ[6] ਨਾਉ॥

(ਨਾਉ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਵਿਣੁ ਨਾਵੈ ਨਾਹੀ ਕੋ ਥਾਉ॥

(ਨਾਵੈ, ਥਾਉ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਕੁਦਰਤਿ ਕਵਣ, ਕਹਾ ਵੀਚਾਰੁ॥

(ਕਹਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਵਾਰਿਆ ਨ ਜਾਵਾ ਏਕ ਵਾਰ॥

(ਜਾਵਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

---

੧. ਸਿਰ ਉੱਤੇ। ੨. ਅੱਖਰੀਂ, ਅੱਖਰਾਂ ਦੁਆਰਾ। ੩. ਘੋਖਵੀਂ ਵੀਚਾਰ। ੪. ਬਾਣੀ, ਬੋਲੀ।

ਅਣਗਿਣਤ ਜੀਵ (ਕਰਤੇ ਦੀ ਰਚਨਾ ਦੇ ਅਗੰਮ ਅਤੇ ਅਲੱਖ ਮੰਡਲਾਂ ਬਾਰੇ ਫ਼ਰਜ਼ੀ ਕਿਆਫ਼ੇ ਲਾ ਲਾ ਕੇ ਫੋਕੇ) ਕਥਨ ਕਰਦੇ ਹਨ, ਉਨ੍ਹਾਂ ਦੇ ਸਿਰ 'ਤੇ (ਇਸ ਫੋਕੀ ਕਥਨੀ ਕਰਨ ਕਰਕੇ) ਭਾਰ ਹੁੰਦਾ (ਚੜ੍ਹਦਾ) ਹੈ।

ਅੱਖਰਾਂ (ਸ਼ਬਦਾਂ) ਦੁਆਰਾ ਵਾਹਿਗੁਰੂ ਦਾ ਨਾਮ ਲਿਆ ਜਾ ਸਕਦਾ ਹੈ, ਅੱਖਰਾਂ ਦੁਆਰਾ ਉਸ ਦੀ ਸਿਫ਼ਤਿ-ਸਾਲਾਹ ਕੀਤੀ ਜਾ ਸਕਦੀ ਹੈ।

ਅੱਖਰਾਂ (ਸ਼ਬਦਾਂ) ਦੁਆਰਾ ਗਿਆਨ (ਕਥਿਆ ਜਾਂਦਾ) ਹੈ, ਗੀਤ (ਗਾਏ ਜਾਂਦੇ) ਹਨ, ਗੁਣਾਂ ਦੀ ਘੋਖਵੀਂ ਵੀਚਾਰ (ਸੰਭਵ ਹੋ ਸਕਦੀ) ਹੈ।

ਅੱਖਰਾਂ (ਸ਼ਬਦਾਂ) ਦੁਆਰਾ ਹੀ ਬਾਣੀ (ਬੋਲੀ) ਦਾ ਲਿਖਣਾ ਅਤੇ ਬੋਲਣਾ (ਸੰਭਵ ਹੋ ਸਕਦਾ ਹੈ)।

ਅੱਖਰਾਂ (ਸ਼ਬਦਾਂ) ਦੁਆਰਾ ਹੀ (ਹਰੇਕ ਜੀਵ ਦੇ) ਸਿਰ ਉੱਤੇ ਲਿਖਿਆ ਸੰਜੋਗ-ਲੇਖ (ਪੰਡਿਤਾਂ, ਪਾਂਧਿਆਂ, ਜੋਤਸ਼ੀਆਂ ਵਲੋਂ) ਵਖਾਣਿਆ ਜਾਂਦਾ ਹੈ।

ਜਿਸ (ਵਿਧਾਤਾ) ਨੇ (ਜੀਵਾਂ ਦੇ ਸਿਰ ਉੱਤੇ ਇਹ ਸੰਜੋਗ-ਲੇਖ) ਲਿਖੇ ਹੋਏ ਹਨ, ਉਸ ਦੇ ਆਪਣੇ ਸਿਰ ਉੱਤੇ (ਕਿਸੇ ਹੋਰ ਵਲੋਂ ਲਿਖਿਆ ਸੰਜੋਗ-ਲੇਖ) ਨਹੀਂ ਹੈ।

ਜਿਵੇਂ ਜਿਵੇਂ (ਵਿਧਾਤਾ) ਹੁਕਮ ਕਰਦਾ ਹੈ ਤਿਵੇਂ ਤਿਵੇਂ (ਇਹ ਸੰਜੋਗ-ਲੇਖ ਜੀਵਾਂ ਦੇ ਮੱਥੇ ਉੱਤੇ) ਪੈਂਦੇ, ਭਾਵ, ਉੱਕਰੇ ਜਾਂਦੇ ਹਨ।

ਜਿੰਨਾ ਵੀ (ਕਰਤਾ ਪੁਰਖ ਦਾ) ਰਚਿਆ ਹੋਇਆ (ਕੁਦਰਤ ਦਾ ਪਸਾਰਾ ਹੈ), ਉਹ ਸਾਰੇ ਦਾ ਸਾਰਾ (ਕਿਸੇ ਨਾ ਕਿਸੇ) ਨਾਮ ਵਾਲਾ ਹੈ।

ਨਾਮ ਤੋਂ ਬਿਨਾ (ਭਾਵ, ਜਿਸ ਦਾ ਕੋਈ ਨਾਮ ਨਾ ਹੋਵੇ, ਅਜਿਹਾ) ਕੋਈ ਵੀ ਥਾਉਂ ਨਹੀਂ।

(ਹੇ ਕਰਤਾਰ!) ਮੇਰੀ ਕੀ ਪਾਇਆਂ (ਹਸਤੀ) ਹੈ ਕਿ (ਤੇਰਾ ਜਾਂ ਤੇਰੀ ਕੁਦਰਤ ਦਾ) ਵੀਚਾਰ ਕਥਨ ਕਰ ਸਕਾਂ।

ਮੈਂ ਕਿਉਂ ਨਾ ਇਕੋ ਵਾਰ (ਸਾਰੇ ਦਾ ਸਾਰਾ ਤੈਥੋਂ) ਕੁਰਬਾਨ ਹੋ ਜਾਵਾਂ ?

---

੫. ਜਿਨਿ—ਜਿਸ (ਪ੍ਰਭੂ) ਨੇ। ੬. ਪੈਂਦੇ ਹਨ, ਉੱਕਰੇ ਜਾਂਦੇ ਹਨ। ੭. ਜਿਤਨਾ ਵੀ। ੮. ਰਚਿਆ ਹੋਇਆ ਪਸਾਰਾ। ੯. ਤਿਤਨਾ, ਉਹ ਸਾਰਾ ਹੀ।

ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੯॥

ਭਰੀਐ ਹਥੁ, ਪੈਰੁ, ਤਨੁ[1] ਦੇਹ[2]॥
ਪਾਣੀ ਧੋਤੈ ਉਤਰਸੁ[3] ਖੇਹ[4]॥
ਮੂਤ ਪਲੀਤੀ[5] ਕਪੜੁ ਹੋਇ॥
(ਮੂਤ-ਪਲੀਤੀ—ਸਮਾਸੀ ਸ਼ਬਦ, ਉਚਾਰਣ ਰਲਵਾਂ।)
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
(ਪਾਪਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)
ਓਹੁ[6] ਧੋਪੈ ਨਾਵੈ ਕੈ ਰੰਗਿ[7]॥
(ਨਾਵੈ—'ਨਾ' ਉਚਾਰਣ ਨਾਸਕੀ। ਇਹ ਨਾਸਿਕਤਾ 'ਵੈ' ਤਕ ਅੱਪੜਦੀ ਹੈ।)
ਪੁੰਨੀ ਪਾਪੀ ਆਖਣੁ[8] ਨਾਹਿ॥
ਕਰਿ ਕਰਿ, ਕਰਣਾ[9] ਲਿਖਿ ਲੈ ਜਾਹੁ॥
(ਨਾਹਿ—'ਹਿ' ਉਚਾਰਣ ਨਾਸਕੀ।)

ਆਪੇ ਬੀਜਿ ਆਪੇ ਹੀ ਖਾਹੁ॥

ਨਾਨਕ, ਹੁਕਮੀ ਆਵਹੁ[10] ਜਾਹੁ[11]॥੨੦॥

---

੧. ਅੰਗ। ੨. ਦੇਹੀ। ੩. ਉਸ (ਅੰਗ) ਦੀ ਉਤਰ ਜਾਂਦੀ ਹੈ। ੪. ਮਿੱਟੀ ਘੱਟਾ, ਮੈਲ। ੫. ਅਪਵਿੱਤ੍ਰਤਾ ਵਾਲਾ। ੬. ਉਹ (ਪਾਪਾਂ ਦਾ ਗੰਦ)। ੭. ਪਿਆਰ ਨਾਲ। ੮. ਕਥਨ ਮਾਤ੍ਰ।

ਹੇ ਅਕਾਰ ਰਹਿਤ ਵਾਹਿਗੁਰੂ! ਜੋ ਕਾਰ (ਕੀਤੀ ਜਾਣੀ) ਤੈਨੂੰ ਚੰਗੀ ਲਗਦੀ ਹੈ, ਓਹੀ ਭਲੀ ਹੈ। (ਤੇਰੇ ਹੁਕਮ ਵਿਚ ਤੇਰੀ ਕੁਦਰਤ ਤਾਂ ਭਾਵੇਂ ਬਦਲਦੀ ਰਹਿੰਦੀ ਹੈ, ਪਰ) ਤੂੰ ਸਦਾ ਕਾਇਮ-ਦਾਇਮ ਹੈਂ॥੧੯॥

ਜੇ ਦੇਹੀ ਦਾ ਕੋਈ ਅੰਗ; ਹੱਥ, ਪੈਰ ਆਦਿਕ (ਮੈਲ ਨਾਲ) ਭਰ ਜਾਏ;

ਪਾਣੀ ਦੁਆਰਾ ਧੋਤੇ ਜਾਣ ਨਾਲ ਉਸ (ਅੰਗ) ਦੀ ਮੈਲ ਉਤਰ ਜਾਂਦੀ ਹੈ।

ਜੇ ਕੋਈ ਕੱਪੜਾ ਮੂਤ੍ਰ ਆਦਿ ਦੀ ਅਪਵਿੱਤ੍ਰਤਾ ਵਾਲਾ ਹੋ ਜਾਏ;

ਸਾਬਣ ਲਾ ਕੇ ਉਹ (ਕੱਪੜਾ) ਧੋ ਲਈਦਾ ਹੈ।

ਜੇ ਮਨੁੱਖੀ-ਮਤਿ ਪਾਪਾਂ ਨਾਲ ਲਿੱਬੜ ਜਾਏ;

ਉਹ (ਪਾਪਾਂ ਦਾ ਗੰਦ) ਨਾਮ ਦੇ ਪਿਆਰ ਨਾਲ (ਭਾਵਨੀ ਸਹਿਤ ਨਾਮ ਜਪਣ ਨਾਲ) ਧੋਤਾ ਜਾ ਸਕਦਾ ਹੈ।

ਸ਼ੁਭ-ਕਰਮੀ ਅਤੇ ਪਾਪ-ਕਰਮੀ (ਇਹ ਦੋਵੇਂ ਪਰਸਪਰ ਵਿਰੋਧੀ ਆਚਰਣਿਕ ਲੱਛਣ ਕੇਵਲ) ਕਥਨ ਮਾਤ੍ਰ ਨਹੀਂ। (ਜੀਵਨ ਵਿਚ ਚੰਗੇ ਜਾਂ ਮੰਦੇ ਕਰਮ) ਕਰ ਕਰ ਕੇ (ਕੀਤੇ ਕਰਮਾਂ ਦਾ) ਕਰਮ-ਬਿਓਰਾ ਲਿਖ ਕੇ (ਆਪਣੇ ਨਾਲ ਦਰਗਾਹ ਵਿਚ) ਲੈ ਜਾਣਾ ਹੁੰਦਾ ਹੈ।
[ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ॥ —ਪੰਨਾ ੧੩੮]

ਆਪ ਹੀ (ਚੰਗੇ ਜਾਂ ਮੰਦੇ ਕਰਮਾਂ ਦਾ ਕਰਮ-ਬੀਜ) ਬੀਜ ਕੇ (ਫਿਰ ਉਸ ਦਾ ਫਲ) ਆਪ ਹੀ ਖਾਣਾ ਪੈਂਦਾ ਹੈ।

'ਨਾਨਕ' (ਮੁਹਰ-ਛਾਪ)—ਹੁਕਮੀ ਵਾਹਿਗੁਰੂ ਦੇ ਹੁਕਮ ਅਧੀਨ ਹੀ (ਜੀਵ ਦਾ ਸੰਸਾਰ-ਕਰਮ-ਖੇਤਰ ਵਿਚ) ਆਉਣਾ (ਅਤੇ ਏਥੋਂ) ਜਾਣਾ ਹੁੰਦਾ ਹੈ॥੨੦॥

---

੯. ਕਮਾਇਆ ਹੋਇਆ, ਕਰਮ-ਬਿਓਰਾ। ੧੦. ਆਉਣਾ (ਨਾਂਵ-ਕ੍ਰਿਦੰਤ)। ੧੧. ਜਾਣਾ (ਨਾਂਵ-ਕ੍ਰਿਦੰਤ)।

ਤੀਰਥੁ, ਤਪੁ, ਦਇਆ, ਦਤੁ[1] ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ[2] ॥

ਸੁਣਿਆ, ਮੰਨਿਆ, ਮਨਿ ਕੀਤਾ ਭਾਉ[3] ॥

ਅੰਤਰਗਤਿ[4] ਤੀਰਥਿ ਮਲਿ ਨਾਉ[5] ॥
(ਨਾਉ—'ਨ' ਉਚਾਰਣ ਭਾਰ ਸਹਿਤ।)

ਸਭਿ ਗੁਣ ਤੇਰੇ, ਮੈ ਨਾਹੀ ਕੋਇ ॥

[6]ਵਿਣੁ ਗੁਣ ਕੀਤੇ ਭਗਤਿ ਨ ਹੋਇ ॥

ਸੁਅਸਤਿ[7] ਆਥਿ[8], ਬਾਣੀ ਬਰਮਾਉ[9] ॥
(ਬਰਮਾਉ—'ਰ' ਉਚਾਰਣ ਭਾਰ ਸਹਿਤ, 'ਮ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।)

ਸਤਿ, ਸੁਹਾਣੁ[10], ਸਦਾ ਮਨਿ ਚਾਉ ॥

ਕਵਣੁ ਸੁ ਵੇਲਾ, ਵਖਤੁ[11] ਕਵਣੁ, ਕਵਣ ਥਿਤਿ, ਕਵਣੁ ਵਾਰੁ ॥
ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ[12] ॥
(ਕਵਣਿ—ਅੰਤਲੇ ਸੁਰ 'ਿ' ਦੀ ਵਿਆਕਰਣਿਕ ਮਹੱਤਤਾ ਸਮਝ ਨਹੀਂ ਪਈ।)

---

੧. ਦਿੱਤਾ ਹੋਇਆ। ੨. ਆਦਰ, ਮਾਣ। ੩. ਪ੍ਰੇਮ। ੪. ਅੰਤਰਮੁਖੀ। ੫. ਨ੍ਹਾਉਣਾ, ਇਸ਼ਨਾਨ।
੬. ਦੈਵੀ ਗੁਣ ਪ੍ਰਦਾਨ ਕੀਤੇ ਬਗੈਰ, ਉਪਕਾਰ ਕੀਤੇ ਬਿਨਾ। ੭. ਕਲਿਆਣ ਸਰੂਪ। ੮. ਹੈਂ।

ਤੀਰਥ (ਇਸ਼ਨਾਨ), ਤਪ-ਸਾਧਨਾ, ਜੀਵਾਂ ਉੱਤੇ ਤਰਸ ਅਤੇ ਦਿੱਤਾ ਦਾਨ (ਇਹ ਸਦ-ਗੁਣ ਜੀਵਨ-ਪ੍ਰਗਤੀ ਲਈ ਕੇਵਲ ਸਾਧਨ ਮਾਤ੍ਰ ਹਨ। ਇਨ੍ਹਾਂ ਸਦ-ਗੁਣਾਂ ਨੂੰ ਜੀਵਨ ਦਾ ਅੰਤਮ ਨਿਸ਼ਾਨਾ ਮਿਥ ਕੇ) ਜੇ ਕੋਈ (ਇਨ੍ਹਾਂ ਦਾ ਕੁਝ ਫਲ) ਪ੍ਰਾਪਤ ਕਰ ਸਕਦਾ ਹੈ ਤਾਂ ਉਹ ਤਿਲ ਮਾਤ੍ਰ (ਤੁਛ) ਆਦਰ ਹੀ (ਹੋ ਸਕਦਾ) ਹੈ।

(ਦੂਜੇ ਪਾਸੇ ਜਿਸ ਜਿਸ ਜੀਵ ਨੇ ਗੁਰੂ ਦੀ ਨਾਮ-ਸਿਖਿਆ ਨੂੰ) ਸੁਣਿਆ, ਮੰਨਿਆ ਅਤੇ (ਇਸ ਨਾਲ) ਮਨ ਕਰਕੇ ਪ੍ਰੇਮ ਕੀਤਾ;

(ਉਸ ਉਸ ਸਿਦਕਵਾਨ ਜਗਿਆਸੂ ਦਾ) ਅੰਤਰਮੁਖੀ ਆਤਮ-ਤੀਰਥ ਉੱਤੇ ਮਲ ਮਲ ਕੇ ਇਸ਼ਨਾਨ ਹੋ ਜਾਂਦਾ ਹੈ।

(ਹੇ ਗੁਣੀ-ਨਿਧਾਨ ਵਾਹਿਗੁਰੂ!) ਸਾਰੇ ਗੁਣ ਤੇਰੇ ਹੀ (ਦਿੱਤੇ ਹੋਏ) ਹਨ, ਮੈਂ (ਨਿਰਗੁਣ) ਦਾ ਆਪਣਾ ਗੁਣ (ਖੂਬੀ) ਕੋਈ ਨਹੀਂ।

ਤੇਰੇ ਉਪਕਾਰ ਕੀਤੇ ਬਗੈਰ, ਅਥਵਾ ਦੈਵੀ ਗੁਣ ਪ੍ਰਦਾਨ ਕੀਤੇ ਬਿਨਾ (ਜੀਵ ਪਾਸੋਂ) ਭਗਤੀ ਹੋ ਹੀ ਨਹੀਂ ਸਕਦੀ।

(ਹੇ ਵਾਹਿਗੁਰੂ!) ਤੂੰ ਕਲਿਆਣ ਸਰੂਪ ਹੈਂ, ਤੇਰੀ ਬਾਣੀ ਬ੍ਰਹਮ-ਰੂਪ ਹੈ।

ਤੂੰ ਸਤਿ ਸਰੂਪ, ਸੁੰਦਰਾਵਲਾ ਅਤੇ ਮਨ ਵਿਚ ਸਦੀਵੀ ਚਾਉ ਵਾਲਾ ਹੈਂ (ਭਾਵ, ਤੂੰ 'ਸਚਿਦਾਨੰਦ' ਹੈਂ)।

ਜਿਸ ਸਮੇਂ ਜਗਤ-ਪਸਾਰਾ ਹੋਂਦ ਵਿਚ ਆਇਆ, ਉਹ ਵੇਲਾ ਕਿਹੜਾ ਸੀ, ਸਮਾਂ ਕਿਹੜਾ ਸੀ, ਥਿਤਿ (ਚੰਦ੍ਰਮਾ ਦੇ ਵਧਾਅ ਘਟਾਅ ਮੁਜਬ ਦਿਨਾਂ ਦੀ ਗਿਣਤੀ) ਕਿਹੜੀ ਸੀ, ਵਾਰ ਕਿਹੜਾ ਸੀ ? ਰੁਤਿ ਕਿਹੜੀ ਸੀ, ਮਹੀਨਾ ਕਿਹੜਾ ਸੀ ?

(ਨੋਟ—ਉਪ੍ਰੋਕਤ ਪੰਗਤੀਆਂ ਵਿਚ 'ਸੁ' ਅਤੇ 'ਸਿ' ਪੜਨਾਂਵ ਨਹੀਂ, ਕਾਵਿਕ ਸੁਹਜ-ਪਦ (ਯੋਜਕ) ਹਨ।)

---

੯. ਬ੍ਰਹਮ ਸਰੂਪ। ੧੦. ਸੁੰਦਰ। ੧੧. ਸਮਾਂ। ੧੨. ਜਗਤ-ਪਸਾਰਾ।

ਵੇਲ ਨ ਪਾਈਆ ਪੰਡਤੀ[1], ਜਿ ਹੋਵੈ ਲੇਖੁ ਪੁਰਾਣੁ ॥

(ਪਾਈਆ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ। ਪੰਡਤੀ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਵਖਤੁ ਨ ਪਾਇਓ ਕਾਦੀਆ[2], ਜਿ ਲਿਖਨਿ ਲੇਖੁ ਕੁਰਾਣੁ ॥

(ਕਾਦੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥

ਜਾ ਕਰਤਾ ਸਿਰਠੀ[3] ਕਉ ਸਾਜੇ[4], ਆਪੇ ਜਾਣੈ ਸੋਈ ॥

(ਜਾ—ਪੜਨਾਉਂ, ਉਚਾਰਣ ਨਾਸਿਕਤਾ ਬਿਨਾ।)

ਕਿਵ ਕਰਿ ਆਖਾ, ਕਿਵ ਸਾਲਾਹੀ, ਕਿਉ ਵਰਨੀ ਕਿਵ ਜਾਣਾ ॥

(ਆਖਾ, ਸਾਲਾਹੀ, ਕਿਉ, ਵਰਨੀ, ਜਾਣਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

SIKHBOOKCLUB.COM

ਨਾਨਕ, ਆਖਣਿ[5] ਸਭੁ ਕੋ ਆਖੈ, ਇਕ ਦੂ ਇਕੁ ਸਿਆਣਾ ॥

ਵਡਾ ਸਾਹਿਬੁ ਵਡੀ ਨਾਈ[6], ਕੀਤਾ ਜਾ ਕਾ ਹੋਵੈ ॥

(ਨਾਈ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ। ਜਾ—(ਪੜਨਾਉਂ) ਉਚਾਰਣ ਨਾਸਿਕਤਾ ਬਿਨਾ।)

ਨਾਨਕ, ਜੇ ਕੋ ਆਪੌ[7] ਜਾਣੈ, ਅਗੈ ਗਇਆ ਨ ਸੋਹੈ[8] ॥੨੧॥

(ਆਪੌ—(ਆਪੌ) ਅੰਤਲੇ ਸੁਰ ਦਾ ਉਚਾਰਣ ਨਾਸਕੀ। ਗਇਆ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ ॥

(ਪਾਤਾਲਾ, ਆਗਾਸਾ—ਅੰਤਲੇ ਸੁਰਾਂ ਦਾ ਉਚਾਰਣ ਨਾਸਿਕਤਾ ਬਿਨਾ।)

---

੧. ਪੰਡਿਤਾਂ ਨੇ। ੨. ਕਾਜ਼ੀਆਂ ਨੇ। ੩. ਸ੍ਰਿਸ਼ਟੀ। ੪. ਸਾਜਦਾ (ਸਿਰਜਦਾ) ਹੈ। ੫. ਮੂੰਹ ਨਾਲ।

(ਜਗਤ-ਪਸਾਰੇ ਦੇ ਹੋਂਦ ਵਿਚ ਆਉਣ ਦੇ) ਵੇਲੇ (ਦੀ ਟੋਹ) ਪੰਡਿਤਾਂ ਨੇ ਨਹੀਂ ਪਾਈ, ਕਿ ਉਨ੍ਹਾਂ ਵਲੋਂ ਇਸ ਸੰਬੰਧੀ ਕੋਈ ਪੁਰਾਣ-ਲੇਖ (ਲਿਖਿਆ ਗਿਆ) ਹੋਵੇ।

ਕਾਜ਼ੀਆਂ ਨੇ ਭੀ ਉਹ ਸਮਾਂ ਜਾਣਿਆ ਨਹੀਂ ਕਿ ਇਸ ਸੰਬੰਧੀ ਉਹ ਕੋਈ ਕੁਰਾਨ-ਲੇਖ ਲਿਖ ਦੇਂਦੇ।

(ਜਗਤ-ਪਸਾਰੇ ਦੇ ਹੋਂਦ ਵਿਚ ਆਉਣ ਦੀ) ਥਿਤਿ ਜਾਂ ਵਾਰ ਕੋਈ ਜੋਗੀ (ਨਛਤ੍ਰ-ਜੋਗਾਂ ਦਾ ਜਾਣੂ) ਨਹੀਂ ਜਾਣਦਾ, ਨਾ ਹੀ ਰੁਤਿ ਜਾਂ ਮਹੀਨਾ ਕੋਈ ਹੋਰ (ਸਿਆਣਾ ਜਾਣਦਾ ਹੈ)।

ਜਿਹੜਾ ਕਰਤਾ-ਪੁਰਖ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ, ਉਹ ਆਪ ਹੀ (ਇਸ ਦੇ ਰਚਨ-ਕਾਲ ਬਾਰੇ) ਜਾਣਦਾ ਹੈ।

ਮੈਂ ਕਿਵੇਂ (ਕਰਤਾ-ਪੁਰਖ ਦੇ ਸਰੂਪ ਅਤੇ ਸ੍ਰਿਸ਼ਟੀ ਦੇ ਰਚਨ-ਕਾਲ ਬਾਰੇ) ਕੁਝ ਆਖਾਂ, ਕਿਵੇਂ ਉਸ ਦੀ ਸਿਫ਼ਤਿ-ਸਾਲਾਹ ਕਰਾਂ, ਕਿਵੇਂ (ਉਸ ਦੇ ਗੁਣਾਂ ਦਾ) ਵਰਣਨ ਕਰਾਂ, ਕਿਵੇਂ (ਉਸ ਦਾ ਭੇਤ) ਜਾਣਾਂ ?

'ਨਾਨਕ' (ਮੁਹਰ-ਛਾਪ)--ਮੂੰਹ ਨਾਲ ਤਾਂ ਹਰ ਕੋਈ (ਕਰਤਾ ਪੁਰਖ ਬਾਰੇ ਅਤੇ ਉਸ ਦੀ ਕੁਦਰਤ ਬਾਰੇ ਫ਼ਰਜ਼ੀ ਕਿਆਫ਼ੇ ਲਾ ਲਾ ਕੇ) ਆਖਦਾ ਹੈ, ਇਕ ਤੋਂ ਇਕ (ਵਧੀਕ) ਸਿਆਣਾ (ਬਣ ਬੈਠਦਾ) ਹੈ।

ਜਿਸ ਦਾ ਕੀਤਾ ਹੋਇਆ ਸਭ ਕੁਝ ਵਰਤ ਰਿਹਾ ਹੈ, ਉਹ ਸਾਹਿਬ ਵੱਡਾ ਹੈ, ਉਸ ਦੀ ਵਡਿਆਈ ਵੱਡੀ ਹੈ।

'ਨਾਨਕ' (ਮੁਹਰ-ਛਾਪ)--ਜੇ ਕੋਈ ਮਨੁੱਖ ਆਪਣੇ ਆਪ ਤੋਂ (ਕੁਝ ਹੋਇਆ) ਸਮਝਦਾ ਹੈ ਤਾਂ ਉਹ ਅੱਗੇ (ਪ੍ਰਭੂ ਦੀ ਦਰਗਾਹ ਵਿਚ) ਗਿਆ ਹੋਇਆ ਸੋਭਾ ਨਹੀਂ ਪਾਉਂਦਾ ॥੨੧॥

(ਕਰਤਾ ਪੁਰਖ ਦੀ ਕੁਦਰਤ-ਰਚਨਾ ਵਿਚ) ਲੱਖਾਂ ਪਾਤਾਲ ਹੀ ਪਾਤਾਲ (ਧਰਤੀ ਦੇ ਹੇਠਲੇ ਲੋਕ) ਹਨ, ਲੱਖਾਂ ਅਕਾਸ਼ (ਪੁਲਾੜ) ਹੀ ਅਕਾਸ਼ (ਪੁਲਾੜ) ਹਨ।

---

੬. ਵਡਿਆਈ। ੭. ਆਪੋਂ, ਆਪਣੇ ਆਪ ਤੋਂ। ੮. ਸੋਭਾ ਪਾਉਂਦਾ।

ਓੜਕ[1] ਓੜਕ[2] ਭਾਲਿ ਥਕੇ, ਵੇਦ ਕਹਨਿ [3]ਇਕ ਵਾਤ ॥

[4]ਸਹਸ ਅਠਾਰਹ ਕਹਨਿ ਕਤੇਬਾ, ਅਸੁਲੂ[5] ਇਕੁ ਧਾਤੁ[6] ॥

(ਸਹਸ ਅਠਾਰਹ—'ਹ' ਦਾ ਉਚਾਰਣ 'ਹਿ' ਕਰਨਾ ਦਰੁਸਤ ਨਹੀਂ। ਕਤੇਬਾ—ਅੰਤਲੇ ਸੁਰ ਦਾ ਉਚਾਰਣ ਨਾਸਕੀ। ਅਸੁਲੂ—'ਸ' ਦਾ ਔਂਕੜ ਵੀ ਉਚਾਰਣ ਦਾ ਭਾਗ ਹੈ।)

ਲੇਖਾ ਹੋਇ ਤ ਲਿਖੀਐ, ਲੇਖੈ ਹੋਇ ਵਿਣਾਸੁ[7] ॥

ਨਾਨਕ, ਵਡਾ ਆਖੀਐ, ਆਪੇ ਜਾਣੈ ਆਪੁ ॥੨੨॥

ਸਾਲਾਹੀ[8] ਸਾਲਾਹਿ[9], ਏਤੀ[10], ਸੁਰਤਿ[11] ਨ ਪਾਈਆ ॥

ਨਦੀਆ ਅਤੈ ਵਾਹ[12], ਪਵਹਿ[13] ਸਮੁੰਦਿ, [14]ਨ ਜਾਣੀਅਹਿ ॥

(ਨਦੀਆ, ਪਵਹਿ, ਜਾਣੀਅਹਿ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਸਮੁੰਦ ਸਾਹ[15] ਸੁਲਤਾਨ, ਗਿਰਹਾ[16] ਸੇਤੀ[17] ਮਾਲੁ ਧਨੁ ॥
ਕੀੜੀ ਤੁਲਿ[18] ਨ ਹੋਵਨੀ, ਜੇ ਤਿਸੁ ਮਨਹੁ [19]ਨ ਵੀਸਰਹਿ ॥੨੩॥

(ਸਾਹ—'ਸ' ਉਚਾਰਣ ਵਿਸ਼ੇਸ਼ ਧੁਨੀ। ਗਿਰਹਾ—(ਪਲੇ) ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)
(ਮਨਹੁ, ਵੀਸਰਹਿ—ਅੰਤਲੇ 'ਹੁ', 'ਹਿ' ਦੇ ਉਚਾਰਣ ਨਾਸਕੀ।)

---

੧. ਸਭ ਕਾਸੇ ਦੇ ਸਿਖਰ (ਵਾਹਿਗੁਰੂ) ਦਾ। ੨. ਅੰਤਲੇ ਹੱਦ-ਬੰਨੇ ਦੀ। ੩. ਇਕ-ਜ਼ਬਾਨ। ੪. ਅਠਾਰ੍ਹਾਂ ਹਜ਼ਾਰ। ੫. ਮੁਢ-ਮੂਲ। ੬. ਧਾਰਨ (ਇਸਥਿਤ) ਕਰਨ ਵਾਲਾ। ੭. ਨਾਸ਼।

ਵੇਦ ਇਕ-ਜ਼ਬਾਨ (ਹੋ ਕੇ) ਇਕ ਹੀ ਗੱਲ ਆਖਦੇ ਹਨ ਕਿ ਓੜਕ (ਸਭ ਕਿਸੇ ਦੇ ਸਿਖਰ—ਵਾਹਿਗੁਰੂ) ਦੇ (ਵੱਖ ਵੱਖ ਪਹਿਲੂਆਂ ਦੇ) ਅੰਤਲੇ ਹੱਦ-ਬੰਨੇ ਢੂੰਢ-ਭਾਲ ਕੇ ਥੱਕ ਗਏ ਹਾਂ (ਪਰ ਕੋਈ ਹੱਦ-ਬੰਨਾ ਲੱਭਾ ਨਹੀਂ)।

(ਮੁਸਲਮਾਨੀ ਮਨੌਤ ਅਨੁਸਾਰ) ਅਠਾਰ੍ਹਾਂ ਹਜ਼ਾਰ ਆਲਮ (ਭਾਵ, ਕੁਲ ਦੁਨੀਆ ਦੇ ਲੋਕ) ਅਤੇ (ਸਾਮੀ ਮੱਤ ਦੀਆਂ) ਕਤੇਬਾਂ (ਕੁਰਾਨ, ਅੰਜੀਲ, ਤੌਰੇਤ, ਜ਼ੰਬੂਰ) ਵੀ ਆਖਦੀਆਂ ਹਨ ਕਿ ਸਭ ਕਾਸੇ ਨੂੰ ਧਾਰਨ (ਇਸਥਿਤ ਕਰਨ) ਵਾਲਾ ਸਭ ਦਾ ਮੁੱਢ-ਮੂਲ ਇਕੋ (ਕਾਦਰ ਕਰੀਮ) ਹੈ।

(ਜੇ ਕਰਤਾ ਪੁਰਖ ਅਤੇ ਉਸ ਦੀ ਰਚਨਾ ਦਾ) ਲੇਖਾ-ਜੋਖਾ ਹੋ ਸਕਦਾ ਹੋਵੇ ਤਾਂ ਲਿਖਿਆ ਜਾਏ, (ਪਰ ਇਹ ਸੰਭਵ ਨਹੀਂ।) ਲੇਖਾ ਲਿਖਦਿਆਂ ਲਿਖਦਿਆਂ (ਲੇਖਾ ਲਿਖਣ ਵਾਲਿਆਂ ਦਾ ਆਪਣਾ) ਵਿਨਾਸ਼ ਹੋ ਜਾਂਦਾ ਹੈ (ਪਰ ਇਹ ਲੇਖਾ ਨਹੀਂ ਮੁੱਕਦਾ)।

'ਨਾਨਕ' (ਮੁਹਰ-ਛਾਪ)—(ਕਰਤਾ ਪੁਰਖ ਵੱਡਿਓਂ) ਵੱਡਾ ਆਖੀਦਾ ਹੈ, ਉਹ ਆਪਣੇ ਆਪ ਨੂੰ (ਪੂਰੀ ਤਰ੍ਹਾਂ) ਆਪ ਹੀ ਜਾਣਦਾ ਹੈ॥੨੨॥

ਸਾਲਾਹੀ (ਸਲਾਹੁਣ ਯੋਗ ਪ੍ਰਭੂ) ਨੂੰ ਸਾਲਾਹ ਸਾਲਾਹ ਕੇ ਜੇ ਸੁਰਤੀ (ਆਤਮ-ਚੇਤਨਾ) ਏਸੇ (ਪਰਮ-ਚੇਤਨਾ) ਵਿਚ ਹੀ ਲੀਨ ਹੋ ਜਾਵੇ ਤਾਂ (ਇਸ ਦੀ ਅੱਡਰੀ ਹੋਂਦ) ਨਹੀਂ ਪਾ ਸਕੀਦੀ। [*ਸੁਰਤੀ ਸੁਰਤਿ ਰਲਾਈਐ ਏਤੁ॥—ਪੰਨਾ ੮੭੮*] (ਭਾਵ, ਪਰਮ-ਚੇਤਨਾ ਹੀ ਹੋ ਜਾਈਦਾ ਹੈ ਜੇ ਆਤਮ-ਚੇਤਨਾ ਇਸ ਵਿਚ ਮਿਲਾ ਦੇਈਏ।)

(ਜਿਵੇਂ ਕਿ) ਨਦੀਆਂ ਅਤੇ ਨਾਲੇ (ਜਦੋਂ) ਸਮੁੰਦਰ ਵਿਚ ਜਾ ਪੈਂਦੇ ਹਨ ਤਾਂ ਫਿਰ (ਸਮੁੰਦਰ ਤੋਂ ਵੱਖਰੇ) ਨਹੀਂ ਜਾਣੇ ਜਾਂਦੇ (ਭਾਵ, ਉਨ੍ਹਾਂ ਦੀ ਕੋਈ ਅੱਡਰੀ ਹੋਂਦ ਨਹੀਂ ਰਹਿੰਦੀ)।

ਸਮੁੰਦਰਾਂ (ਜਿੱਡੀ ਵਿਸ਼ਾਲਤਾ ਅਤੇ ਅਮੀਰੀ ਵਾਲੇ ਤੇ ਸਮੁੰਦਰਾਂ ਉਤੇ ਕਬਜ਼ੇ ਦੇ ਦਾਅਵੇਦਾਰ) ਸ਼ਾਹ-ਪਾਤਸ਼ਾਹ, ਜਿਨ੍ਹਾਂ ਦੇ ਪੱਲੇ (ਅਮਿਣਵਾਂ) ਮਾਲ ਦੌਲਤ ਹੋਵੇ, ਉਹ ਕੀੜੀ (ਤੁਛ ਜਿਹੀ ਹਸਤੀ ਵਾਲੇ ਜੀਵ) ਦੀ ਬਰਾਬਰੀ ਨਹੀਂ ਕਰ ਸਕਦੇ, ਜੇਕਰ (ਹੇ ਪ੍ਰਭੂ!) ਤੂੰ ਉਸ (ਨਾਚੀਜ਼ ਜੀਵ) ਦੇ ਮਨ ਤੋਂ ਵਿਸਰ ਨਾ ਜਾਏਂ॥੨੩॥

---

੮. ਸਲਾਹੁਣ ਯੋਗ (ਵਾਹਿਗੁਰੂ)। ੯. ਸਾਲਾਹ-ਸਾਲਾਹ ਕੇ। ੧੦. (ਏਤ+ਈ) ਇਸ ਵਿਚ ਹੀ। ੧੧. ਆਤਮ-ਚੇਤਨਾ। ੧੨. ਨਾਲੇ। ੧੩. ਪੈਂਦੇ ਹਨ। ੧੪. ਨਹੀਂ ਜਾਣੇ ਜਾਂਦੇ। ੧੫. ਸ਼ਾਹ ਪਾਤਸ਼ਾਹ। ੧੬. ਪੱਲੇ। ੧੭. ਨਾਲ, ਵਿਚ। ੧੮. ਬਰਾਬਰ। ੧੯. ਤੂੰ ਵਿਸਰ ਨਾ ਜਾਏਂ।

ਅੰਤੁ[1] ਨ ਸਿਫਤੀ[2], ਕਹਣਿ ਨ ਅੰਤੁ ॥

(ਸਿਫਤੀ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

ਅੰਤੁ ਨ ਕਰਣੈ[3], ਦੇਣਿ ਨ ਅੰਤੁ ॥

ਅੰਤੁ ਨ ਵੇਖਣਿ, ਸੁਣਣਿ ਨ ਅੰਤੁ ॥

ਅੰਤੁ ਨ ਜਾਪੈ ਕਿਆ ਮਨਿ ਮੰਤੁ[4] ॥

ਅੰਤੁ ਨ ਜਾਪੈ ਕੀਤਾ ਆਕਾਰੁ[5] ॥

SIKHBOOKCLUB.COM

ਅੰਤੁ ਨ ਜਾਪੈ ਪਾਰਾਵਾਰ[6] ॥

ਅੰਤ ਕਾਰਣਿ ਕੇਤੇ ਬਿਲਲਾਹਿ[7] ॥

(ਬਿਲਲਾਹਿ—'ਹਿ' ਉਚਾਰਣ ਨਾਸਕੀ।)

ਤਾ ਕੇ ਅੰਤ ਨ ਪਾਏ ਜਾਹਿ[8] ॥

(ਤਾ—(ਪੜਨਾਂਵ) ਉਚਾਰਣ ਨਾਸਿਕਤਾ ਬਿਨਾ। ਜਾਹਿ—'ਹਿ' ਉਚਾਰਣ ਨਾਸਕੀ।)

ਏਹੁ ਅੰਤੁ[9] ਨ ਜਾਣੈ ਕੋਇ ॥

ਬਹੁਤਾ ਕਹੀਐ, ਬਹੁਤਾ ਹੋਇ ॥

(ਅੰਤੁ—ਦੇਹਰੀ ਦੀਪਕ ਹੈ।)

---

੧. ਹੰਦ-ਬੰਨਾ। ੨. (ੳ) ਸਿਫ਼ਤਾਂ ਦੇ ਮਾਲਕ ਪ੍ਰਭੂ ਦਾ, (ਅ) ਸਿਫ਼ਤਾਂ ਕਰਨ ਨਾਲ। ੩. ਕੁਝ ਕਰੀ ਜਾਣ ਨਾਲ। ੪. ਮੰਤਵ (ਸੰਕਲਪ)। ੫. ਜਗਤ-ਪਸਾਰਾ। ੬. ਪਾਰ ਅਤੇ ਉਰਾਰ।

ਸਿਫ਼ਤੀ (ਸਿਫ਼ਤ ਦੇ ਮਾਲਕ ਪ੍ਰਭੂ) ਦੀਆਂ ਸਿਫ਼ਤਾਂ ਦਾ ਕੋਈ ਹੱਦ-ਬੰਨਾ ਨਹੀਂ। (ਉਸ ਦੀਆਂ ਸਿਫ਼ਤਾਂ) ਆਖੀ ਜਾਣ ਨਾਲ (ਉਸ ਨਾਲ ਆਤਮਿਕ ਸਾਂਝ ਤਾਂ ਪੈ ਸਕਦੀ ਹੈ, ਪਰ) ਉਸ ਦਾ ਅੰਤ ਨਹੀਂ (ਪਾਇਆ ਜਾ ਸਕਦਾ)।

(ਨਿਰੰਤਰ ਕੁਝ) ਕਰੀ ਜਾਣ ਨਾਲ (ਕਰਤਾਰ ਦਾ) ਅੰਤ ਨਹੀ (ਲੱਭ ਸਕਦਾ)। (ਦਾਤਾਰ ਪ੍ਰਭੂ ਦੇ ਦਿੱਤੇ ਹੋਏ ਵਿਚੋਂ ਕੁਝ) ਦੇਣ ਨਾਲ ਉਸ ਦਾ ਅੰਤ ਨਹੀਂ (ਲੱਭ ਸਕਦਾ)।

(ਸੁੰਦਰਾਵਲੇ ਪ੍ਰਭੂ ਦੀ ਵੰਨ-ਸੁਵੰਨੀ ਕੁਦਰਤ ਨੂੰ ਅੱਖਾਂ ਨਾਲ ਨਿਰੰਤਰ) ਵੇਖੀ ਜਾਣ ਨਾਲ ਉਸ ਦਾ ਅੰਤ ਨਹੀਂ (ਲੱਭ ਸਕਦਾ), (ਕਾਦਰ ਅਤੇ ਉਸ ਦੀ ਕੁਦਰਤ ਦੀ ਅਸਚਰਜ ਲੀਲ੍ਹਾ ਨਿਰੰਤਰ) ਸੁਣੀ ਜਾਣ ਨਾਲ ਉਸ ਦਾ ਅੰਤ ਨਹੀਂ (ਲੱਭ ਸਕਦਾ)।

(ਰਚਨਾ ਨੂੰ ਰਚਣ ਅਤੇ ਚਲਾਉਣ ਸੰਬੰਧੀ ਪ੍ਰਭੂ ਦੇ) ਮਨ ਵਿਚ ਕੀ ਮੰਤਵ (ਸੰਕਲਪ) ਹੈ, ਇਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ।

(ਪ੍ਰਭੂ ਦਾ) ਬਣਾਇਆ ਹੋਇਆ ਜਿੰਨਾ ਜਗਤ-ਪਸਾਰਾ ਹੈ, ਉਸ ਦਾ ਕੋਈ ਅੰਤ ਨਹੀਂ ਜਾਣਿਆ ਜਾ ਸਕਦਾ।

(ਪ੍ਰਭੂ ਅਤੇ ਉਸ ਦੀ ਸਿਰਜੀ ਰਚਨਾ ਦਾ) ਕੋਈ ਅੰਤ ਨਹੀਂ, ਉਸ ਦਾ ਕੋਈ ਉਰਵਾਰ ਪਾਰ (ਹੱਦ-ਬੰਨਾ) ਨਹੀਂ ਜਾਣਿਆ ਜਾ ਸਕਦਾ।

(ਪ੍ਰਭੂ ਦਾ) ਅੰਤ ਲੈਣ ਲਈ ਕਿੰਨੇ ਹੀ ਜੀਵ ਤਰਲੋ-ਮੱਛੀ ਹੋਈ ਜਾਂਦੇ ਹਨ, ਪਰ ਉਸ (ਪ੍ਰਭੂ ਅਤੇ ਉਸ ਦੀ ਰਚਨਾ ਦੇ ਵੱਖ ਵੱਖ ਪੱਖਾਂ) ਦੇ ਅੰਤ ਨਹੀਂ ਪਾਏ ਜਾ ਸਕਦੇ।

ਅੰਤਲਾ ਸਾਰ-ਸਿੱਟਾ ਇਹ ਹੈ ਕਿ ਉਸ (ਪ੍ਰਭੂ) ਦਾ ਅੰਤ ਕੋਈ ਨਹੀਂ ਜਾਣ ਸਕਦਾ।

(ਪ੍ਰਭੂ ਦੀ ਬੇਅੰਤਤਾ ਬਾਰੇ) ਜਿੰਨਾ ਵਧੀਕ ਆਖਦੇ ਜਾਈਏ, (ਉਸ ਦੀ ਬੇਅੰਤਤਾ ਦਾ ਵਿਸਥਾਰ) ਓਨਾ ਹੀ ਵਧੀਕ ਹੁੰਦਾ ਜਾਂਦਾ ਹੈ।

---

੭. ਵਿਲਕਦੇ ਹਨ, ਤਰਲੋ-ਮੱਛੀ ਪਏ ਹੁੰਦੇ ਹਨ। ੮. ਜਾਂਦੇ ਹਨ, ਜਾ ਸਕਦੇ ਹਨ। ੯. ਅੰਤਲਾ ਸਾਰ-ਸਿੱਟਾ।

www.sikhbookclub.com

ਵਡਾ ਸਾਹਿਬੁ, ਊਚਾ ਥਾਉ ॥

(ਥਾਉ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਊਚੇ ਉਪਰਿ ਊਚਾ ਨਾਉ ॥

(ਨਾਉ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਏਵਡੁ ਊਚਾ ਹੋਵੈ ਕੋਇ ॥

ਤਿਸੁ ਊਚੇ ਕਉ ਜਾਣੈ ਸੋਇ ॥

(ਕਉ—ਇਸ ਸ਼ਬਦ ਦਾ ਉਚਾਰਣ 'ਕੋ' ਦਰੁਸਤ ਨਹੀਂ, 'ਕੌ' ਹੈ।)

ਜੇਵਡੁ ਆਪਿ, ਜਾਣੈ ਆਪਿ ਆਪਿ ॥

ਨਾਨਕ, ਨਦਰੀ[1] ਕਰਮੀ[2] ਦਾਤਿ ॥੨੪॥

SIKHBOOKCLUB.COM

ਬਹੁਤਾ ਕਰਮੁ[3], ਲਿਖਿਆ ਨਾ ਜਾਇ ॥

ਵਡਾ ਦਾਤਾ, ਤਿਲੁ ਨ ਤਮਾਇ ॥

ਕੇਤੇ ਮੰਗਹਿ ਜੋਧ ਅਪਾਰ ॥

(ਮੰਗਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਕੇਤਿਆ[4] ਗਣਤ ਨਹੀ ਵੀਚਾਰੁ ॥

(ਕੇਤਿਆ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

---

੧. ਮਿਹਰ ਦੀ ਨਦਰ ਦੁਆਰਾ। ੨. ਬਖ਼ਸ਼ਸ਼ਾਂ ਵਾਲੇ ਪ੍ਰਭੂ ਦੀ। ੩. ਫ਼ਜ਼ਲ, ਪ੍ਰਸਾਦ। ੪. (ਕੇਤੇ—ਆ) ਕਿੰਨੇ ਹੀ (ਜੀਵ) ਹਨ।

(ਬੇਅੰਤ ਗੁਣਾਂ ਦਾ) ਮਾਲਕ-ਪ੍ਰਭੂ ਬਹੁਤ ਵੱਡਾ ਹੈ, ਉਸ ਦਾ ਰੁਤਬਾ ਬਹੁਤ ਉੱਚਾ ਹੈ।

ਉਸ ਦਾ ਨਾਉਂ ਉੱਚੇ ਤੋਂ ਉੱਚਾ (ਸਰਵੱਚ) ਹੈ।

ਜੇ ਕੋਈ ਏਡਾ ਉੱਚਾ ਹੋਵੇ (ਜੇਡਾ ਉੱਚਾ ਪ੍ਰਭੂ ਹੈ);

ਉਹ ਹੀ ਉਸ ਉੱਚੇ (ਪ੍ਰਭੂ) ਨੂੰ (ਪੂਰੀ ਤਰ੍ਹਾਂ) ਜਾਣ ਸਕਦਾ ਹੈ, (ਪਰ ਅਜਿਹਾ ਕੋਈ ਵੀ ਨਹੀਂ)।

ਜਿੱਡਾ ਵੱਡਾ (ਪ੍ਰਭੂ) ਆਪ ਹੈ, ਉਹ ਆਪ ਅਤੇ ਕੇਵਲ ਆਪ ਹੀ (ਆਪਣੇ ਵਡੱਪਣ ਨੂੰ) ਜਾਣਦਾ ਹੈ।

'ਨਾਨਕ' (ਮੁਹਰ-ਛਾਪ)—ਬਖ਼ਸ਼ਸ਼ਾਂ ਵਾਲੇ (ਪ੍ਰਭੂ ਦੀ) ਮਿਹਰ ਦੀ ਨਦਰਿ ਦੁਆਰਾ ਹੀ (ਉਸ ਨੂੰ ਮਨ, ਬਚਨ, ਕਰਮ ਕਰਕੇ ਉੱਚਿਓਂ ਉੱਚਾ ਅਤੇ ਵੱਡਿਓਂ ਵੱਡਾ ਮੰਨਣ ਦੀ) ਦਾਤਿ (ਨਸੀਬ ਹੁੰਦੀ) ਹੈ॥੨੪॥

(ਵੱਡਿਓਂ ਵੱਡੇ ਦਾਤਾਰ ਦਾ) ਪ੍ਰਸਾਦ (ਫ਼ਜ਼ਲ) ਬਹੁਤਿਓਂ ਬਹੁਤਾ ਹੈ, (ਜੋ) ਲਿਖਿਆ (ਲਿਖਤ ਦੁਆਰਾ ਵਰਣਨ ਕੀਤਾ) ਨਹੀਂ ਜਾ ਸਕਦਾ।

(ਉਹ ਵੱਡਿਓਂ) ਵੱਡਾ ਦਾਤਾਰ ਹੈ, (ਜਿਸ ਨੂੰ) ਨਾ ਕੋਈ ਤਿਲੁ (ਛਲ ਕਪਟ) ਹੈ ਨਾ ਤਮਾਅ (ਲਾਲਚ)। (ਭਾਵ, ਦਾਤਾਂ ਦਿੰਦਿਆਂ ਨਾ ਉਹ ਕੋਈ ਫੋਕਾ ਵਿਖਾਵਾ ਹੀ ਕਰਦਾ ਹੈ ਨਾ ਉਸ ਨੂੰ ਕਿਸੇ ਖ਼ੁਸ਼ਾਮਦ ਦੀ ਮੁਥਾਜੀ ਹੈ)।

ਕਿੰਨੇ ਹੀ ਸੂਰਮੇ (ਉਸ ਵੱਡ-ਦਾਤਾਰ ਤੋਂ) ਅਪਾਰ ਜੋਧਨ-ਸ਼ਕਤੀ (ਸੂਰਮਗਤੀ) ਮੰਗਦੇ ਹਨ।

ਕਿੰਨੇ ਹੀ (ਦਾਤਾਂ ਮੰਗਣ ਵਾਲੇ ਹੋਰ ਮੰਗਤੇ) ਹਨ, ਜਿਨ੍ਹਾਂ ਦੀ ਗਿਣਤੀ ਦਾ ਵਿਚਾਰ (ਅੰਦਾਜ਼ਾ) ਨਹੀਂ ਹੋ ਸਕਦਾ।

ਕੇਤੇ [1]ਖਪਿ ਤੁਟਹਿ ਵੇਕਾਰ[2] ॥

(ਤੁਟਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਕੇਤੇ ਲੈ ਲੈ ਮੁਕਰੁ ਪਾਹਿ ॥

(ਪਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਮੁਕਰੁ—ਅੰਤਲੇ ਸੂਰ (ੁ) ਦੀ ਵਿਆਕਰਣਿਕ ਵਿਸ਼ੇਸ਼ਤਾ ਵਿਚਾਰ-ਤਲਬ ਹੈ।)

ਕੇਤੇ ਮੂਰਖ [3]ਖਾਹੀ ਖਾਹਿ ॥

(ਖਾਹੀ—ਅੰਤਲੀ 'ਹੀ' ਦਾ ਉਚਾਰਣ ਨਾਸਿਕਤਾ ਬਗ਼ੈਰ। ਖਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

***ਕੇਤਿਆ[4] ਦੂਖ ਭੂਖ ਸਦ ਮਾਰ ॥**

(ਕੇਤਿਆ—ਅੰਤਲੇ ਸੂਰ ਦਾ ਉਚਾਰਣ ਨਾਸਕੀ।)

ਏਹਿ ਭਿ ਦਾਤਿ ਤੇਰੀ, ਦਾਤਾਰ ॥

ਬੰਦਿ, ਖਲਾਸੀ, ਭਾਣੈ ਹੋਇ ॥

SIKHBOOKCLUB.COM

ਹੋਰੁ ਆਖਿ ਨ ਸਕੈ ਕੋਇ[5] ॥

ਜੇ ਕੋ ਖਾਇਕੁ[6] ਆਖਣਿ ਪਾਇ ॥

ਓਹੁ ਜਾਣੈ ਜੇਤੀਆ[7] ਮੁਹਿ[8] ਖਾਇ ॥

(ਜੇਤੀਆ—ਅੰਤਲੇ ਸੂਰ ਦਾ ਉਚਾਰਣ ਨਾਸਕੀ।)

ਆਪੇ ਜਾਣੈ, ਆਪੇ ਦੇਇ ॥

ਆਖਹਿ, ਸਿ ਭਿ [9]ਕੇਈ ਕੇਇ ॥

(ਆਖਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

---

੧. ਮਰ ਖਪ ਜਾਂਦੇ ਹਨ। ੨. ਵਿਕਾਰਾਂ ਵਿਚ। ੩. ਖਾਈ ਹੀ ਖਾਈ ਜਾਂਦੇ ਹਨ। ੪. ਕਿੰਨਿਆਂ (ਜੀਵਾਂ) ਨੂੰ। ੫. ਕੋਈ ਮਨੁੱਖ। ੬. ਮੂਰਖ ਮਨੁੱਖ। ੭. ਜਿੰਨੀਆਂ (ਚੋਟਾਂ)। ੮. ਮੂੰਹ ਉੱਤੇ। ੯. ਟਾਵੇਂ ਟਾਵੇਂ। * (ਨੋਟ—ਇਸ ਪਉੜੀ ਵਿਚ 'ਕੇਤਿਆ' ਦੋ ਵਾਰੀ ਆਇਆ ਹੈ, ਦੋਵੇਂ ਵਾਰੀ ਉਚਾਰਣ

ਕਿੰਨੇ ਹੀ ਵਿਕਾਰੀ ਜੀਵ ਵਿਕਾਰਾਂ ਵਿਚ ਖਚਿਤ ਹੋ ਕੇ ਮਰ ਖਪ ਜਾਂਦੇ ਹਨ।

ਕਿੰਨੇ ਹੀ (ਅਕਿਰਤਘਣ ਜੀਵ ਉਸ ਦਾਤਾਰ ਤੋਂ ਅਮੋਲਕ ਦਾਤਾਂ) ਲੈ ਲੈ ਕੇ ਮੁਨਕਰ ਹੋਈ ਜਾਂਦੇ ਹਨ।

ਕਿੰਨੇ ਹੀ ਜੀਵ (ਪ੍ਰਭੂ ਦੀਆਂ ਅਮੋਲਕ ਦਾਤਾਂ) ਬੇਸਮਝਾਂ ਵਾਂਗੂੰ ਨਿਰੰਤਰ ਖਾਈ ਹੀ ਖਾਈ ਜਾਂਦੇ ਹਨ। (ਭਾਵ, ਜਿਨ੍ਹਾਂ ਦਾ ਜੀਵਨ-ਲਕਸ਼ ਕੇਵਲ ਭੋਗ-ਬਿਲਾਸ ਹੀ ਹੈ। ਗੁਰਵਾਕ—*ਗਰਧਪ ਵਾਂਗੂ ਲਾਹੇ ਪੇਟਿ॥—ਪੰਨਾ ੨੦੧*)।

(ਹੇ ਵਿਧਾਤੇ ਪ੍ਰਭੂ!) ਕਿੰਨੇ ਹੀ ਜੀਵਾਂ ਨੂੰ (ਤੇਰੀ ਰਜ਼ਾਅ ਵਿਚ) ਸਦੀਵ-ਕਾਲ ਦੁਖ ਭੁਖ ਦੀ ਮਾਰ (ਵਗੀ ਰਹਿੰਦੀ) ਹੈ।

ਹੇ ਦਾਤਾਰ ਪ੍ਰਭੂ! ਇਹ (ਦੁਖ ਅਤੇ ਭੁਖ) ਵੀ ਤੇਰੀ ਦਾਤਿ ਹੀ ਹਨ।

ਬੰਦੀ (ਮਾਇਕੀ ਬੰਧਨਾਂ ਦੀ ਕੈਦ) ਅਤੇ ਖਲਾਸੀ (ਮਾਇਕੀ ਬੰਧਨਾਂ ਤੋਂ ਖਲਾਸੀ) ਪ੍ਰਭੂ ਦੀ ਰਜ਼ਾਅ ਵਿਚ ਹੀ ਹੁੰਦੀ ਹੈ।

ਕੋਈ ਮਨੁੱਖ (ਭਾਣੇ ਦੇ ਸਿਧਾਂਤ ਤੋਂ ਛੁਟ) ਕੋਈ ਹੋਰ (ਵਿਚਾਰੁ) ਆਖ ਹੀ ਨਹੀਂ ਸਕਦਾ।

ਜੇ ਕੋਈ ਮੂਰਖ ਜੀਵ ਆਖਣ ਲੱਗ ਪਵੇ (ਕਿ ਜੀਵਾਂ ਦੀ ਬੰਦੀ ਤੇ ਖਲਾਸੀ ਸੰਬੰਧੀ ਪ੍ਰਭੂ-ਰਜ਼ਾਅ ਤੋਂ ਇਲਾਵਾ ਕੋਈ ਹੋਰ ਕਾਰਨ ਹੋ ਸਕਦਾ ਹੈ);

ਉਹ (ਮਤਿ-ਹੀਣਾ ਮਨੁੱਖ) ਹੀ ਜਾਣਦਾ ਹੈ ਕਿ (ਇਸ ਅਵੱਗਿਆ ਵਜੋਂ) ਜਿੰਨੀਆਂ (ਚੋਟਾਂ) ਉਹ ਮੂੰਹ ਉੱਤੇ ਸਹਾਰਦਾ ਹੈ।

ਉਹ (ਅਜਿਹੇ) ਭੀ ਟਾਵੇਂ ਟਾਵੇਂ (ਜੀਵ) ਹਨ, ਜੋ (ਯਥਾਰਥ ਕਥਨ) ਆਖਦੇ ਹਨ ਕਿ ਪ੍ਰਭੂ ਆਪ ਹੀ (ਜੀਵਾਂ ਦੀ ਅੰਦਰਲੀ ਬਿਵਸਥਾ) ਜਾਣਦਾ ਹੈ ਅਤੇ ਆਪ ਹੀ (ਆਪਣੀ ਰਜ਼ਾਅ ਵਿਚ ਲੋੜੀਂਦੀਆਂ ਦਾਤਾਂ) ਦੇਂਦਾ ਹੈ।

ਵੱਖਰਾ ਵੱਖਰਾ ਹੈ। ਪਹਿਲਾਂ ਆਏ ਇਸ ਸ਼ਬਦ ਦੇ ਅੰਤਲੇ ਸੂਰ ਦਾ ਉਚਾਰਣ ਨਾਸਿਕਤਾ ਬਿਨਾ ਹੈ, ਕਿਉਂਜੁ ਇਸ ਅਗੇ ਕੋਈ ਸੰਬੰਧਕੀ ਪਦ ਨਹੀਂ। ਮਗਰੋਂ ਆਏ ਇਸ ਸ਼ਬਦ ਦੇ ਅਗੇ ਸੰਬੰਧਕੀ ਪਦ 'ਨੂੰ' ਲੁਪਤ ਹੈ, ਇਸ ਲਈ ਇਸ ਦੇ ਅੰਤਲੇ ਸੂਰ ਦਾ ਉਚਾਰਣ ਨਾਸਕੀ ਹੈ।

ਜਿਸ ਨੋ ਬਖਸੇ ਸਿਫਤਿ ਸਾਲਾਹ ॥

(ਬਖਸੇ—'ਸ' ਦਾ ਉਚਾਰਣ ਵਿਸ਼ੇਸ਼ ਧੁਨੀ। ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

ਨਾਨਕ, ਪਾਤਿਸਾਹੀ ਪਾਤਿਸਾਹੁ ॥੨੫॥

(ਪਾਤਿਸਾਹੀ—ਅੰਤਲੀ 'ਹੀ' ਦਾ ਉਚਾਰਣ ਨਾਸਕੀ। ਪਾਤਿਸਾਹੀ, ਪਾਤਿਸਾਹੁ—'ਸ' ਦੇ ਉਚਾਰਣ ਵਿਸ਼ੇਸ਼ ਧੁਨੀ।)

ਅਮੁਲ[1] ਗੁਣ, ਅਮੁਲ ਵਾਪਾਰ ॥

ਅਮੁਲ ਵਾਪਾਰੀਏ, ਅਮੁਲ ਭੰਡਾਰ ॥

ਅਮੁਲ ਆਵਹਿ[2], ਅਮੁਲ ਲੈ ਜਾਹਿ ॥

(ਆਵਹਿ, ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਮੁਲ ਭਾਇ[3], ਅਮੁਲਾ ਸਮਾਹਿ[4] ॥

(ਸਮਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਅਮੁਲੁ ਧਰਮੁ[5], ਅਮੁਲੁ ਦੀਬਾਣੁ[6] ॥

ਅਮੁਲੁ ਤੁਲੁ[7], ਅਮੁਲੁ ਪਰਵਾਣੁ[8] ॥

ਅਮੁਲੁ ਬਖਸੀਸ, ਅਮੁਲੁ ਨੀਸਾਣੁ[9] ॥

(ਬਖਸੀਸ—ਦੋਵੇਂ 'ਸ' ਉਚਾਰਣ ਵਿਸ਼ੇਸ਼ ਧੁਨੀ।)

ਅਮੁਲੁ ਕਰਮੁ[10], ਅਮੁਲੁ ਫੁਰਮਾਣੁ[11] ॥

---

੧. ਮੁੱਲ ਤੋਂ ਪਰੇ। ੨. (ਅਮੁੱਲ ਗੁਣਾਂ ਦੇ ਵਾਪਾਰੀ) ਆਉਂਦੇ ਹਨ। ੩. ਸ਼ਰਧਾ-ਭਾਵਨੀ ਵਿਚ। ੪. ਸਮਾਅ ਜਾਂਦੇ ਹਨ। ੫. ਧਰਮ-ਰਾਜਾ ਅਥਵਾ ਧਰਮ-ਨਿਆਉਂ। ੬. ਧਰਮ-ਦਰਬਾਰ।

ਜਿਸ ਜੀਵ ਨੂੰ (ਪ੍ਰਭੂ) ਆਪਣੀ ਸਿਫ਼ਤਿ-ਸਾਲਾਹ (ਦੀ ਵੱਡਮੁੱਲੀ ਦਾਤਿ) ਬਖ਼ਸ਼ ਦੇਵੇ;

'ਨਾਨਕ' (ਮੁਹਰ-ਛਾਪ)—ਉਹ (ਜਾਣੋ) ਪਾਤਿਸ਼ਾਹਾਂ ਸਿਰ ਪਾਤਿਸ਼ਾਹ ਹੈ ॥੨੫॥

(ਅਮੁੱਲ ਕਰਤਾ ਪੁਰਖ ਦੇ) ਗੁਣ ਮੁੱਲ ਤੋਂ ਪਰੇ ਹਨ, (ਉਨ੍ਹਾਂ ਅਮੁੱਲ ਗੁਣਾਂ ਦੇ) ਵਣਜ ਵੀ ਮੁੱਲ ਤੋਂ ਪਰੇ ਹਨ।

(ਅਮੁੱਲ ਗੁਣਾਂ ਦਾ ਵਾਪਾਰ ਕਰਨ ਵਾਲੇ) ਵਾਪਾਰੀ ਵੀ ਅਮੋਲਕ ਹਨ (ਅਤੇ ਅਮੁੱਲ ਗੁਣਾਂ ਦੇ) ਭੰਡਾਰ ਵੀ ਅਮੋਲਕ ਹਨ।

ਜਿਹੜੇ (ਵਡਭਾਗੇ ਜੀਵ ਅਮੋਲਕ ਗੁਣਾਂ ਦੇ ਵਾਪਾਰ ਕਰਨ ਲਈ ਗੁਰੂ-ਸ਼ਾਹ ਪਾਸ) ਆਉਂਦੇ ਹਨ, ਉਹ ਵੀ ਅਮੋਲਕ ਹਨ, ਜਿਹੜੇ (ਅਮੋਲਕ ਗੁਣਾਂ ਨੂੰ ਵਿਹਾਝ ਕੇ) ਲੈ ਜਾਂਦੇ ਹਨ, ਉਹ ਵੀ ਅਮੋਲਕ ਹਨ।

ਅਮੋਲਕ ਹਨ ਉਹ ਜੀਵ ਜੋ (ਗੁਣਾਂ ਦੇ ਮਾਲਕ ਵਾਹਿਗੁਰੂ ਦੀ) ਸ਼ਰਧਾ-ਭਾਵਨੀ ਵਿਚ ਰਹਿੰਦੇ ਹਨ, ਅਮੋਲਕ ਹਨ ਉਹ ਜੋ (ਇਸ ਅਮੋਲਕ ਸ਼ਰਧਾ-ਭਾਵਨੀ ਦੇ ਸਿਰ-ਸਦਕੇ ਗੁਣੀ-ਨਿਧਾਨ ਵਾਹਿਗੁਰੂ ਵਿਚ) ਸਮਾਏ ਰਹਿੰਦੇ ਹਨ।

(ਧਰਮ-ਧੁਜਾ ਵਾਹਿਗੁਰੂ ਦਾ ਥਾਪਿਆ ਹੋਇਆ) ਧਰਮ-ਰਾਜਾ ਅਥਵਾ ਉਸ ਦਾ ਧਰਮ-ਨਿਆਉਂ ਅਮੋਲਕ ਹੈ (ਅਤੇ ਧਰਮ-ਨਿਆਉਂ ਵਰਤਾਉਣ ਵਾਲਾ) ਉਸ ਦਾ ਧਰਮ-ਦਰਬਾਰ (ਕਚਹਿਰੀ) ਵੀ ਅਮੋਲਕ ਹੈ।

(ਧਰਮ-ਨਿਆਉਂ ਵਰਤਾਉਣ ਲਈ) ਅਮੋਲਕ ਹੈ ਉਸ ਦਾ ਧਰਮ-ਕੰਡਾ, ਅਤੇ ਅਮੋਲਕ ਹੈ (ਜੀਵਾਂ ਦੇ ਕਰਮਾਂ ਨੂੰ ਜੋਖਣ ਵਾਲਾ) ਧਰਮ-ਵੱਟਾ।

(ਕਰਤਾ ਪੁਰਖ ਦਾ) ਬਖ਼ਸ਼ੀਸ਼ ਵਜੋਂ ਦਿੱਤਾ ਹਰੇਕ ਦਾਨ ਅਮੋਲਕ ਹੈ, ਅਤੇ ਅਮੋਲਕ ਹੈ ਉਸ ਦਾ ਨਾਮ-ਨੀਸ਼ਾਨ।

ਅਮੋਲਕ ਹੈ ਉਸ ਦਾ ਪ੍ਰਸਾਦੁ (ਫ਼ਜ਼ਲ), ਅਮੋਲ ਹੈ ਉਸ ਦਾ (ਵਿਸ਼ਵ ਸੰਸਾਰ ਦਾ ਪ੍ਰਬੰਧ ਚਲਾਉਣ ਵਾਲਾ) ਹੁਕਮ।

---

੭. ਧਰਮ-ਕੰਡਾ। ੮. ਧਰਮ-ਵੱਟਾ। ੯. ਪ੍ਰਵਾਨਗੀ ਦਾ ਚਿੰਨ੍ਹ। ੧੦. ਪ੍ਰਸਾਦ, ਫ਼ਜ਼ਲ। ੧੧. ਹੁਕਮ।

ਅਮੁਲੋ ਅਮੁਲੁ, ਆਖਿਆ ਨ ਜਾਇ॥

ਆਖਿ ਆਖਿ ਰਹੇ[1] [2]ਲਿਵ ਲਾਇ॥

ਆਖਹਿ ਵੇਦ ਪਾਠ ਪੁਰਾਣ॥

(ਆਖਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਖਹਿ ਪੜੇ[3], ਕਰਹਿ ਵਖਿਆਣ॥

(ਆਖਹਿ, ਕਰਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਪੜੇ—'ੜ' ਉਚਾਰਣ ਭਾਰਾ।)

ਆਖਹਿ ਬਰਮੇ, ਆਖਹਿ ਇੰਦ॥

(ਆਖਹਿ (ਦੋਵੇਂ ਵਾਰੀ) ਅੰਤਲੇ 'ਹਿ' ਦਾ ਉਚਾਰਣ ਨਾਸਕੀ। ਬਰਮੇ—'ਰ' ਉਚਾਰਣ ਭਾਰ ਸਹਿਤ।)

ਆਖਹਿ ਗੋਪੀ ਤੈ ਗੋਵਿੰਦ[6]॥

(ਆਖਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਖਹਿ ਈਸਰ[4], ਆਖਹਿ ਸਿਧ॥

(ਆਖਹਿ—(ਦੋਵੇਂ ਵਾਰੀ) ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਖਹਿ ਕੇਤੇ [5]ਕੀਤੇ ਬੁਧ॥

(ਆਖਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਖਹਿ ਦਾਨਵ[7], ਆਖਹਿ ਦੇਵ[8]॥

(ਆਖਹਿ—(ਦੋਵੇਂ ਵਾਰੀ) ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਖਹਿ [9]ਸੁਰਿ ਨਰ ਮੁਨਿ ਜਨ ਸੇਵ[10]॥

(ਆਖਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਸੁਰਿ-ਨਰ, ਮੁਨਿ-ਜਨ—ਸਮਾਸੀ ਸ਼ਬਦ ਹਨ।)

---

੧. ਰਹਿ ਖਲੋਤੇ, ਰਹਿ ਗਏ। ੨. ਸੁਰਤੀ ਬਿਰਤੀ ਜੋੜ ਜੋੜ ਕੇ। ੩. ਪੜ੍ਹੇ ਹੋਏ (ਵਿਦਵਾਨ ਲੋਕੀਂ)।

(ਅਮੋਲਕ ਵਾਹਿਗੁਰੂ ਅਤੇ ਉਸ ਦਾ ਸਭ ਕੁਝ) ਅਮੋਲਕ ਹੀ ਅਮੋਲਕ ਹੈ, ਜਿਸ ਦਾ (ਪੂਰੀ ਤਰ੍ਹਾਂ) ਵਰਣਨ ਨਹੀਂ ਕੀਤਾ ਜਾ ਸਕਦਾ।

(ਬੇਅੰਤ ਜੀਵ ਕਰਤਾ ਪੁਰਖ ਦੇ ਅਮੋਲਕ ਗੁਣਾਂ ਅਤੇ ਉਸ ਦੀਆਂ ਅਮੋਲਕ ਦਾਤਾਂ ਬਾਰੇ) ਆਖ ਆਖ ਕੇ ਅਤੇ (ਅਮੁੱਲਤਾ ਦੀ ਥਾਹ ਪਾਉਣ ਲਈ) ਸੁਰਤੀ ਬਿਰਤੀ ਲਾ ਲਾ (ਜੋੜ ਜੋੜ) ਕੇ ਹਾਰ-ਹੁਟ ਗਏ, (ਪਰ ਅਮੁੱਲਤਾ ਦੀ ਥਾਹ ਨਹੀਂ ਪਾ ਸਕੇ)।

ਵੇਦ-ਪਾਠੀ ਅਤੇ ਪੁਰਾਣ-ਪਾਠੀ ਵੇਦਾਂ ਅਤੇ ਪੁਰਾਣਾਂ ਦੇ ਪਾਠ ਰਾਹੀਂ (ਕਰਤਾ ਪੁਰਖ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ।

(ਕਿੰਨੇ ਹੀ) ਪੜ੍ਹੇ ਹੋਏ (ਵਿਦਵਾਨ ਲੋਕ ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ ਅਤੇ ਇਸ ਬਾਰੇ (ਲੰਮੇ ਚੌੜੇ) ਵਖਿਆਨ ਕਰਦੇ ਹਨ।

(ਕਿੰਨੇ ਹੀ) ਬ੍ਰਹਮੇ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ, ਕਿੰਨੇ ਹੀ ਇੰਦਰ ਵਰਣਨ ਕਰਦੇ ਹਨ।

SIKHBOOKCLUB.COM

(ਕਿੰਨੀਆਂ) ਗੋਪੀਆਂ ਅਤੇ (ਕਿੰਨੇ) ਕਾਨ੍ਹ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ।

(ਕਿੰਨੇ ਹੀ) ਸ਼ਿਵ ਜੀ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ (ਕਿੰਨੇ ਹੀ) ਸਿਧੀਆਂ ਨੂੰ ਪ੍ਰਾਪਤ ਹੋਏ ਜੋਗੀਰਾਜ ਵਰਣਨ ਕਰਦੇ ਹਨ।

ਕਿੰਨੇ ਹੀ (ਵਾਹਿਗੁਰੂ ਦੇ) ਪੈਦਾ ਕੀਤੇ ਹੋਏ ਬੁਧੀਮਾਨ (ਉਸ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ।

(ਕਿੰਨੇ ਹੀ) ਰਾਖਸ਼ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ, (ਕਿੰਨੇ ਹੀ) ਦੇਵਤੇ ਵਰਣਨ ਕਰਦੇ ਹਨ।

(ਕਿੰਨੇ ਹੀ) ਦੈਵੀ ਸੁਭਾਅ ਵਾਲੇ ਪੁਰਸ਼ ਅਤੇ ਰਿਸ਼ੀ ਮੁਨੀ ਸੇਵਕ-ਭਾਵਨਾ ਨਾਲ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ।

---

੪. ਕਾਨ੍ਹ, ਕ੍ਰਿਸ਼ਨ। ੫. ਸ਼ਿਵ ਜੀ। ੬. ਉਪਾਏ (ਪੈਦਾ ਕੀਤੇ) ਹੋਏ ਬੁਧੀਮਾਨ। ੭. ਰਾਖਸ਼। ੮. ਦੇਵਤੇ। ੯. ਦੈਵੀ ਸੁਭਾਅ ਵਾਲੇ ਮਨੁੱਖ। ੧੦. ਸੇਵਕ-ਭਾਵਨਾ ਨਾਲ।

ਕੇਤੇ ਆਖਹਿ, [1]ਆਖਣਿ ਪਾਹਿ ॥

(ਆਖਹਿ, ਪਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਕੇਤੇ, ਕਹਿ ਕਹਿ [2]ਉਠਿ ਉਠਿ ਜਾਹਿ ॥

(ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਏਤੇ ਕੀਤੇ, ਹੋਰਿ ਕਰੇਹਿ[3] ॥

ਤਾ ਆਖਿ ਨ ਸਕਹਿ [4]ਕੇਈ ਕੇਇ ॥

(ਕਰੇਹਿ—'ਹਿ' ਦਾ ਉਚਾਰਣ ਨਾਸਕੀ।)

(ਤਾ—ਅੰਤਲੇ ਸੁਰ ਦਾ ਉਚਾਰਣ ਨਾਸਕੀ। ਸਕਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਜੇਵਡੁ ਭਾਵੈ ਤੇਵਡੁ ਹੋਇ ॥

ਨਾਨਕ, ਜਾਣੈ ਸਾਚਾ[5] ਸੋਇ ॥

SIKHBOOKCLUB.COM

ਜੇ ਕੋ ਆਖੈ [6]ਬੋਲੁ ਵਿਗਾੜੁ ॥

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ[7] ॥੨੬॥

(ਤਾ, ਗਾਵਾਰਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

[8]ਸੋ ਦਰੁ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ ਸਰਬ[9] ਸਮਾਲੇ[10] ॥

(ਸੋ ਦਰੁ—ਉਚਾਰਣ 'ਸੋਦਰੁ' ਜੁੜਵਾਂ ਕਰਨਾ ਅਸ਼ੁੱਧ ਹੈ। ਸਮਾਲੇ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

ਵਾਜੇ ਨਾਦ ਅਨੇਕ ਅਸੰਖਾ[11], ਕੇਤੇ ਵਾਵਣਹਾਰੇ[12] ॥

(ਅਸੰਖਾ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

---

੧. ਲਗਾਤਾਰ ਆਖੀ ਹੀ ਜਾਂਦੇ ਹਨ। ੨. ਕੂਚ ਕਰੀ ਜਾਂਦੇ ਹਨ। ੩. ਪੈਦਾ ਕਰ ਦਿੱਤੇ ਜਾਣ। [ਕਰੇਹਿ—ਕੀਤੇ ਜਾਣ। ਕਟਹਿ—ਕਟੇ ਜਾਣ (ਕਰਮਨੀ ਵਾਚ)—*ਗੁਰੁ ਕਰੁ ਸਬਦ ਸਪੁੰਨ ਅਘਨ 'ਕਟਹਿ' ਸਭਿ ਤੇਰੇ॥ ਪੰਨਾ ੧੩੯੯*] ੪. ਕਿੰਨੇ ਹੀ ਕਿੰਨੇ, ਭਾਵ ਅਨੇਕ ਜੀਵ।

ਕਿੰਨੇ ਹੀ (ਹੋਰ) ਜੀਵ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਕਰਦੇ ਹਨ ਅਤੇ ਨਿਰੰਤਰ ਹੀ ਆਖਣ ਲੱਗ ਪੈਂਦੇ (ਆਖੀ ਹੀ ਜਾਂਦੇ) ਹਨ।

ਕਿੰਨੇ ਹੀ ਜੀਵ (ਪ੍ਰਭੂ ਦੇ ਅਮੋਲਕ ਗੁਣਾਂ ਦਾ ਨਿਰੰਤਰ) ਵਰਣਨ ਕਰ ਕਰ ਕੇ ਕੂਚ ਕਰਦੇ ਜਾ ਰਹੇ ਹਨ।

(ਕਰਤਾ ਪੁਰਖ ਵਲੋਂ) ਬੇਅੰਤ ਜੀਵ (ਅਮੋਲਕ ਗੁਣਾਂ ਦਾ ਵਰਣਨ ਕਰਨ ਵਾਲੇ) ਪੈਦਾ ਕੀਤੇ ਹੋਏ ਹਨ। ਜੇ ਏਨੇ ਹੀ (ਉਸ ਵਲੋਂ) ਹੋਰ ਪੈਦਾ ਕਰ ਦਿੱਤੇ ਜਾਣ ਤਾਂ ਵੀ ਇਹ ਅਨੇਕ ਜੀਵ (ਪ੍ਰਭੂ ਦੇ ਅਮੋਲਕ ਗੁਣਾਂ ਦਾ) ਵਰਣਨ ਪੂਰੇ ਤੌਰ 'ਤੇ ਨਹੀਂ ਕਰ ਸਕਣਗੇ।

ਜਿੰਨਾ ਵੱਡਾ ਉਹ (ਪ੍ਰਭੂ) ਹੋਣਾ ਚਾਹੇ, ਓਨਾ ਵੱਡਾ ਹੋ ਸਕਦਾ ਹੈ।

'ਨਾਨਕ' (ਮੁਹਰ-ਛਾਪ)—ਉਹ ਸਦਾ-ਥਿਰ ਪ੍ਰਭੂ ਆਪ ਹੀ (ਆਪਣੇ ਵਡੱਪਣ ਨੂੰ) ਪੂਰੀ ਤਰ੍ਹਾਂ ਜਾਣਦਾ ਹੈ।

ਜੇ (ਕੋਈ ਬੜਬੋਲਾ ਮਨੁੱਖ) ਕੋਈ ਵਿਗਾੜੂ ਬੋਲ ਆਖਦਾ ਹੈ (ਕਿ ਉਹ ਵੱਡੇ ਸਾਹਿਬ ਦੀ ਵਡਿਆਈ ਨੂੰ ਪੂਰਨ ਤੌਰ 'ਤੇ ਜਾਣਦਾ ਜਾਂ ਦੱਸ ਸਕਦਾ ਹੈ) ਤਾਂ ਉਹ ਮੂਰਖਾਂ ਸਿਰ ਮੂਰਖ ਲਿਖਿਆ ਜਾਂਦਾ ਹੈ (ਭਾਵ, ਉਸ ਦੀ ਗਿਣਤੀ ਮਹਾਂ ਮੂਰਖਾਂ ਵਿਚ ਹੁੰਦੀ ਹੈ)॥੨੬॥

(ਹੇ ਕਰਤਾ ਪੁਰਖ ! ਤੇਰਾ) ਉਹ ਦਰ ਕੈਸਾ (ਅਦਭੁਤ) ਉਹ ਘਰ ਕੈਸਾ (ਅਨੂਪਮ) ਹੈ, ਜਿਥੇ ਬੈਠ ਕੇ (ਅਨੁਭਵ ਹੁੰਦਾ ਹੈ ਕਿ) ਸਾਰੀ (ਪ੍ਰਕਿਰਤੀ ਤੇਰਾ) ਚਿੰਤਨ ਕਰ ਰਹੀ ਹੈ ਅਤੇ ਤੂੰ ਸਭਨਾਂ ਦੀ ਸਾਰ-ਸੰਭਾਲ ਕਰ ਰਿਹਾ ਹੈਂ।

(ਉਸ ਦਰ-ਘਰ ਵਿਖੇ) ਗਿਣਤੀ ਤੋਂ ਬਾਹਰੇ ਅਨਿਕ ਪ੍ਰਕਾਰੀ ਨਾਦ (ਧੁਨੀ) ਕਰਨ ਵਾਲੇ ਵਾਜੇ ਹਨ, ਕਿੰਨੇ ਹੀ (ਇਨ੍ਹਾਂ ਵਾਜਿਆਂ ਨੂੰ) ਵਜਾਉਣ ਵਾਲੇ ਹਨ।

---

੫. ਸਦਾ-ਥਿਰ ਪ੍ਰਭੂ। ੬. ਵਿਗਾੜੂ ਬੋਲ। ੭. ਮੂਰਖ। ੮. ਉਹ ਦੁਆਰਾ। ੯. ਸਾਰੀ ਪ੍ਰਕਿਰਤੀ। ੧੦. ਚਿੰਤਨ ਕਰ ਰਹੀ ਹੈ। ੧੧. ਸੰਖਿਆ (ਗਿਣਤੀ) ਤੋਂ ਬਾਹਰੇ। ੧੨. ਵਜਾਉਣ ਵਾਲੇ।

ਕੇਤੇ ਰਾਗ ਪਰੀ[1] ਸਿਉ[2] ਕਹੀਅਨਿ[3], ਕੇਤੇ ਗਾਵਣਹਾਰੇ ॥

(ਸਿਉ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ[4], ਗਾਵੈ ਰਾਜਾ ਧਰਮੁ[5] ਦੁਆਰੇ ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਰਾਜਾ-ਧਰਮੁ—ਸਮਾਸੀ ਸ਼ਬਦ ਹੈ।)

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ[5] ਵੀਚਾਰੇ ॥

(ਗਾਵਹਿ, ਜਾਣਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਗਾਵਹਿ ਈਸਰੁ[6] ਬਰਮਾ ਦੇਵੀ[7], ਸੋਹਨਿ[8] ਸਦਾ ਸਵਾਰੇ ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਬਰਮਾ—'ਰ' ਉਚਾਰਣ ਭਾਰ ਸਹਿਤ।)

ਗਾਵਹਿ ਇੰਦ [9]ਇਦਾਸਣਿ ਬੈਠੇ, ਦੇਵਤਿਆ ਦਰਿ ਨਾਲੇ ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਦੇਵਤਿਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

SIKHBOOKCLUB.COM

ਗਾਵਹਿ ਸਿਧ[10] [11]ਸਮਾਧੀ ਅੰਦਰਿ, ਗਾਵਨਿ ਸਾਧ[12] ਵਿਚਾਰੇ ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਗਾਵਨਿ ਜਤੀ[13] ਸਤੀ[14] ਸੰਤੋਖੀ, ਗਾਵਹਿ ਵੀਰ[15] ਕਰਾਰੇ[16] ॥

(ਗਾਵਹਿ—'ਹਿ' ਦਾ ਉਚਾਰਣ ਨਾਸਕੀ।)

ਗਾਵਨਿ[17] ਪੰਡਿਤ ਪੜਨਿ[18] ਰਖੀਸਰ[19], ਜੁਗੁ ਜੁਗੁ ਵੇਦਾ ਨਾਲੇ ॥

(ਪੜਨਿ—'ੜ' ਉਚਾਰਣ ਭਾਰ ਸਹਿਤ। ਵੇਦਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਗਾਵਹਿ ਮੋਹਣੀਆ[20] [21]ਮਨੁ ਮੋਹਨਿ, ਸੁਰਗਾ[22] ਮਛ[23] ਪਇਆਲੇ[24] ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਮੋਹਣੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ। ਸੁਰਗਾ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ। ਪਇਆਲੇ—ਇਸ ਸ਼ਬਦ ਦਾ ਉਚਾਰਣ 'ਪਿਆਲੇ' ਅਸ਼ੁੱਧ ਹੈ।)

---

੧. ਪਰੀਆਂ, ਰਾਗਣੀਆਂ। ੨. ਸਮੇਤ। ੩. ਗਾਏ (ਕਹੇ) ਜਾ ਰਹੇ ਹਨ। ੪. ਅਗਨੀ। ੫. ਧਰਮ-ਰਾਜ। ੬. ਸ਼ਿਵ ਜੀ। ੭. ਦੇਵੀ-ਦੇਵਤੇ। ੮. ਸੋਭਾ ਪਾ ਰਹੇ ਹਨ। ੯. ਇੰਦਰ ਪਦਵੀ

ਕਿੰਨੇ ਹੀ ਰਾਗ, ਰਾਗਣੀਆਂ ਸਹਿਤ ਗਾਏ ਜਾ ਰਹੇ ਹਨ, ਕਿੰਨੇ ਹੀ (ਇਨ੍ਹਾਂ ਰਾਗ ਰਾਗਣੀਆਂ ਦੁਆਰਾ ਤੇਰਾ ਜੱਸ) ਗਾਉਣ ਵਾਲੇ ਹਨ।

(ਹੇ ਕਰਤਾ ਪੁਰਖ!) ਤੈਨੂੰ (ਤੇਰਾ ਜਸ) ਹਵਾ, ਪਾਣੀ ਅਤੇ ਅਗਨੀ ਗਾ ਰਹੇ ਹਨ, (ਤੇਰੇ) ਦੁਆਰੇ ਉੱਤੇ (ਬੈਠਾ) ਧਰਮ-ਰਾਜਾ (ਤੈਨੂੰ) ਗਾ ਰਿਹਾ ਹੈ।

ਤੈਨੂੰ ਗਾਉਂਦੇ ਹਨ (ਧਰਮ-ਰਾਜ ਦੇ ਮੁਨਸ਼ੀ) ਚਿਤ੍ਰ ਅਤੇ ਗੁਪਤ, ਜੋ (ਜੀਵਾਂ ਦੇ ਕਰਮਾਂ ਦਾ ਲੇਖਾ) ਲਿਖਣਾ ਜਾਣਦੇ ਹਨ। (ਉਨ੍ਹਾਂ ਵਲੋਂ ਲਿਖ ਲਿਖ ਕੇ (ਦਿੱਤੇ ਕਰਮ-ਲੇਖੇ ਉੱਤੇ) ਧਰਮ-ਰਾਜਾ (ਧਰਮ-ਨਿਆਉਂ) ਵੀਚਾਰਦਾ ਹੈ।

ਤੈਨੂੰ ਗਾਉਂਦੇ ਹਨ ਸ਼ਿਵ ਜੀ, ਬ੍ਰਹਮਾ ਅਤੇ ਹੋਰ ਦੇਵੀ-ਦੇਵਤੇ, ਜੋ ਤੇਰੇ ਸਾਜੇ ਸਵਾਰੇ ਹੋਏ (ਤੇਰੇ ਦੁਆਰੇ ਉੱਤੇ ਸਿਫ਼ਤਿ-ਸਾਲਾਹ ਕਰਦੇ) ਸਦਾ ਸੋਭਾ ਪਾ ਰਹੇ ਹਨ।

ਇੰਦਰ-ਪਦਵੀ ਉੱਤੇ ਉਪੱਸਥਿਤ (ਬਿਰਾਜਮਾਨ) ਹੋਏ ਹੋਏ (ਅਣਗਿਣਤ) ਇੰਦਰ, ਦੇਵਤਿਆਂ ਸਮੇਤ ਤੇਰੇ ਦਰ ਉੱਤੇ (ਤੈਨੂੰ) ਗਾ ਰਹੇ ਹਨ।

SIKHBOOKCLUB.COM

(ਅਣਗਿਣਤ) ਸਿਧੀ ਨੂੰ ਪ੍ਰਾਪਤ ਹੋਏ ਜੋਗੀ-ਰਾਜ, ਧਿਆਨ ਵਿਚ ਨਿਮਗਨ ਹੋਏ ਹੋਏ (ਤੈਨੂੰ) ਗਾ ਰਹੇ ਹਨ ਅਤੇ ਗਿਆਨ-ਵੀਚਾਰ ਵਿਚ ਲੱਗੇ ਹੋਏ ਸਾਧਕ ਵੀ (ਤੈਨੂੰ) ਗਾ ਰਹੇ ਹਨ।

(ਅਣਗਿਣਤ) ਬ੍ਰਹਮਚਾਰੀ, ਸਤਵਾਦੀ ਅਤੇ ਸੰਤੋਖੀ (ਸੰਤੁਸ਼ਟਤਾ ਵਾਲੇ ਸੁਭਾਅ ਦੇ ਧਾਰਨੀ ਜੀਵ ਤੈਨੂੰ) ਗਾ ਰਹੇ ਹਨ, ਲੜਾਕੇ ਜੋਧੇ ਵੀ (ਤੈਨੂੰ) ਗਾ ਰਹੇ ਹਨ।

ਪੰਡਿਤ,ਜੋ ਰਿਸ਼ੀ-ਮੁਨੀਆਂ ਦੀ ਰਚਨਾ (ਵੇਦਾਂ) ਨੂੰ ਪੜ੍ਹਦੇ ਵੀਚਾਰਦੇ ਹਨ, ਵੇਦਾਂ ਸਮੇਤ ਜੁਗਾਂ-ਜੁਗਾਂਤਰਾਂ ਤੋਂ (ਤੈਨੂੰ) ਗਾ ਰਹੇ ਹਨ।

ਸੁਰਗਾਪੁਰੀ, ਮਾਤ ਲੋਕ ਅਤੇ ਪਤਾਲ ਲੋਕ ਦੀਆਂ ਸੁੰਦਰੀਆਂ, ਜੋ ਮਨ ਨੂੰ ਮੋਹ ਲੈਂਦੀਆਂ ਹਨ, (ਤੈਨੂੰ) ਹੀ ਗਾ ਰਹੀਆਂ ਹਨ।

ਉੱਤੇ ਉਪੱਸਥਿਤ ਹੋਏ। ੧੦. ਸਿਧੀ ਨੂੰ ਪ੍ਰਾਪਤ ਹੋਏ ਜੋਗੀ-ਰਾਜ। ੧੧. ਧਿਆਨ ਵਿਚ ਨਿਮਗਨ। ੧੨. ਸਾਧਕ। ੧੩. ਬ੍ਰਹਮਚਾਰੀ। ੧੪. ਸਤਵਾਦੀ। ੧੫. ਜੋਧੇ। ੧੬. ਲੜਾਕੇ। ੧੭. (ਗਾਵਹਿ) ਗਾਉਂਦੇ ਹਨ, ਗਾ ਰਹੇ ਹਨ। ੧੮. ਪੜ੍ਹਦੇ ਹਨ। ੧੯. ਰਿਖੀ-ਰਾਜ। ੨੦. ਸੁੰਦਰੀਆਂ। ੨੧. ਮਨ ਨੂੰ ਮੋਹ ਲੈਂਦੀਆਂ ਹਨ। ੨੨. ਸੁਰਗਾਪੁਰੀ। ੨੩. ਮਾਤ ਲੋਕ। ੨੪. ਪਤਾਲ ਲੋਕ।

ਗਾਵਨਿ ਰਤਨ[1] ਉਪਾਏ[2] ਤੇਰੇ, ਅਠਸਠਿ[3] ਤੀਰਥ ਨਾਲੇ ॥

ਗਾਵਹਿ ਜੋਧ ਮਹਾ ਬਲ ਸੂਰਾ, ਗਾਵਹਿ ਖਾਣੀ[4] ਚਾਰੇ ॥

(ਗਾਵਹਿ—(ਦੋਵੇਂ ਵਾਰੀ) ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਗਾਵਹਿ ਖੰਡ, ਮੰਡਲ, ਵਰਭੰਡਾ[5], ਕਰਿ ਕਰਿ [6]ਰਖੇ ਧਾਰੇ ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ, ਰਤੇ[7] ਤੇਰੇ ਭਗਤ ਰਸਾਲੇ[8] ॥

(ਗਾਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਹੋਰਿ ਕੇਤੇ ਗਾਵਨਿ, ਸੇ ਮੈ ਚਿਤਿ[9] ਨ ਆਵਨਿ, ਨਾਨਕੁ ਕਿਆ ਵੀਚਾਰੇ ॥

ਸੋਈ ਸੋਈ [10]ਸਦਾ ਸਚੁ ਸਾਹਿਬੁ, ਸਾਚਾ, ਸਾਚੀ ਨਾਈ[11] ॥

(ਨਾਈ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ।)

ਹੈ[12], ਭੀ[13], ਹੋਸੀ[14], [15]ਜਾਇ ਨ ਜਾਸੀ, ਰਚਨਾ ਜਿਨਿ ਰਚਾਈ ॥

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ, ਮਾਇਆ[16] ਜਿਨਿ ਉਪਾਈ ॥

(ਰੰਗੀ ਰੰਗੀ—ਅੰਤਲੇ ਸੁਰਾਂ ਦਾ ਉਚਾਰਣ ਨਾਸਿਕਤਾ ਬਿਨਾ। ਭਾਤੀ—ਵਿਚਲੇ ਕੰਨੇ ਦਾ ਉਚਾਰਣ ਨਾਸਕੀ।)

ਕਰਿ ਕਰਿ ਵੇਖੈ[17] [18]ਕੀਤਾ ਆਪਣਾ, ਜਿਵ ਤਿਸ ਦੀ ਵਡਿਆਈ ॥

ਜੋ ਤਿਸੁ ਭਾਵੈ ਸੋਈ ਕਰਸੀ[19], ਹੁਕਮੁ ਨ ਕਰਣਾ ਜਾਈ ॥

---

੧. ਰਤਨਾਂ ਦੀ ਗੌਰਵਤਾ ਵਾਲੇ, ਪੁੰਨ-ਆਤਮਾ। ੨. ਪੈਦਾ ਕੀਤੇ ਹੋਏ। ੩. ਅਠਾਹਠ। ੪. ਉਤਪਤੀ ਦੇ ਸ੍ਰੋਤ। ੫. ਬ੍ਰਹਮੰਡ। ੬. ਸਹਾਰਾ ਦੇ ਕੇ ਇਸਥਿਤ ਕੀਤੇ ਹਨ। ੭. ਪਿਆਰ-ਰੰਗ ਵਿਚ ਰੰਗੀਜੇ। ੮. ਰਸ-ਲੀਨ ਹੋਏ। ੯. ਚੇਤੇ (ਸਿਮਰਤੀ) ਵਿਚ। ੧੦. ਸਦਾ-ਥਿਰ।

ਤੇਰੇ ਪੈਦਾ ਕੀਤੇ ਹੋਏ ਰਤਨ (ਦੈਵੀ-ਗੁਣਾਂ ਨਾਲ ਭੂਸ਼ਤ ਸਤ-ਪੁਰਸ਼) (ਤੈਨੂੰ ਹੀ) ਗਾ ਰਹੇ ਹਨ, ਅਠਾਹਠ ਤੀਰਥ ਜਿਨ੍ਹਾਂ ਦੇ (ਚਰਨਾਂ) ਨਾਲ ਰਹਿੰਦੇ ਹਨ।

ਮਹਾਂ-ਬਲੀ ਸੂਰਮੇ ਅਤੇ ਜੋਧੇ (ਤੈਨੂੰ ਹੀ) ਗਾ ਰਹੇ ਹਨ, ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ ਤੇਰਾ ਹੀ ਜਸ) ਗਾ ਰਹੀਆਂ ਹਨ।

(ਤੇਰੇ) ਰਚ ਰਚ ਕੇ ਅਤੇ ਸਹਾਰਾ ਦੇ ਕੇ ਰਖੇ ਹੋਏ ਅਨੇਕ ਬ੍ਰਹਮੰਡ ਅਤੇ ਉਨ੍ਹਾਂ ਦੇ ਵੱਖ ਵੱਖ ਖੰਡ ਮੰਡਲ (ਹਿੱਸੇ) (ਤੈਨੂੰ ਹੀ) ਗਾ ਰਹੇ ਹਨ।

ਤੇਰੇ ਪਿਆਰ-ਰੰਗ ਵਿਚ ਰੰਗੀਜੇ, ਰਸ-ਲੀਨ ਅਤੇ ਰਸ-ਪੂਰਤ ਤੇਰੇ ਭਗਤ ਜੋ (ਸ਼ਰਧਾ ਭਾਵਨੀ ਸਦਕਾ) ਤੈਨੂੰ ਭਾ ਜਾਂਦੇ ਹਨ, ਉਹੀ (ਸਹੀ ਅਰਥਾਂ ਵਿਚ) ਤੈਨੂੰ ਗਾਉਂਦੇ ਹਨ।

ਹੋਰ ਕਿੰਨੇ ਹੀ (ਜੀਵ-ਜੰਤੂ ਤੈਨੂੰ) ਗਾਉਂਦੇ ਹਨ, ਉਹ (ਸਾਰੇ ਦੇ ਸਾਰੇ) ਮੇਰੀ ਸਿਮਰਤੀ (ਚੇਤੇ) ਵਿਚ ਨਹੀਂ ਆ ਸਕਦੇ, ਉਨ੍ਹਾਂ ਬਾਰੇ ਨਾਨਕ ਕੀ ਵੀਚਾਰ ਆਖੇ ?

ਉਹੀ (ਵਾਹਿਗੁਰੂ) ਅਤੇ ਕੇਵਲ ਉਹ ਹੀ ਸਦਾ-ਥਿਰ ਮਾਲਕ ਹੈ, ਉਹ ਆਪ ਸੱਚਾ ਹੈ, ਉਸ ਦੀ ਵਡਿਆਈ ਵੀ ਸੱਚੀ (ਸਦਾ-ਥਿਰ) ਹੈ।

ਜਿਸ (ਕਰਤਾ ਪੁਰਖ) ਨੇ ਇਹ ਰਚਨਾ ਰਚੀ ਹੋਈ ਹੈ, ਉਹ ਹੁਣ ਵੀ ਹੈ, (ਪਹਿਲਾਂ) ਭੀ ਹੈ ਸੀ ਅਤੇ ਅਗੇ ਨੂੰ ਭੀ ਹੋਵੇਗਾ। ਉਹ ਨਾ ਕਦੀ ਜੰਮਦਾ ਹੈ ਨਾ ਮਰਦਾ ਹੈ।

ਜਿਸ (ਪ੍ਰਭੂ) ਨੇ ਰੰਗ-ਰੰਗ ਦੀ, ਭਾਂਤ-ਭਾਂਤ ਦੀ ਜਿਨਸੀ (ਸਾਮੱਗ੍ਰੀ) ਰਚ ਰਚ ਕੇ ਮਾਇਆ (ਸ੍ਰਿਸ਼ਟੀ) ਪੈਦਾ ਕੀਤੀ ਹੋਈ ਹੈ; ਉਹ ਆਪਣਾ ਪੈਦਾ ਕੀਤਾ (ਜਗਤ) ਰਚ ਰਚ ਕੇ (ਨਿਰੰਤਰ) ਉਸ ਦੀ ਨਿਗਾਹਬਾਨੀ (ਸਾਰ-ਸੰਭਾਲ) ਕਰ ਰਿਹਾ ਹੈ, ਜਿਵੇਂ ਕਿ ਉਸ ਦੀ ਵਡਿਆਈ (ਪ੍ਰਸਿੱਧ) ਹੈ।

ਜੋ ਕੁਝ ਉਸ (ਬੇਪਰਵਾਹ ਕਰਤਾਰ) ਨੂੰ ਭਾਉਂਦਾ ਹੈ, ਉਹੋ ਕੁਝ ਉਹ ਕਰਦਾ ਹੈ, ਇਸ ਲਈ (ਉਸ ਦੇ ਭਾਣੇ ਮੂਹਰੇ ਕੋਈ) ਹੁਕਮ (ਹੀਲ-ਹੁੱਜਤ) ਨਹੀਂ ਕੀਤਾ ਜਾ ਸਕਦਾ।

---

੧੧. ਵਡਿਆਈ ੧੨. ਹੁਣ ਹੈ। ੧੩. ਹੈ ਸੀ। ੧੪. ਹੋਵੇਗਾ। ੧੫. ਨਾ ਜੰਮਦਾ ਹੈ ਨਾ ਮਰਦਾ ਹੈ। ੧੬. ਪ੍ਰਕਿਰਤੀ। ੧੭. ਨਿਗਾਹਬਾਨੀ (ਸਾਰ-ਸੰਭਾਲ) ਕਰਦਾ ਹੈ। ੧੮. ਆਪਣਾ ਰਚਿਆ (ਸੰਸਾਰ)। ੧੯. ਕਰਦਾ ਹੈ।

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ[1], ਨਾਨਕ ਰਹਣੁ ਰਜਾਈ ॥੨੭॥

(ਪਾਤਿਸਾਹ, ਸਾਹਾ—ਦੋਵੇਂ 'ਸ' ਉਚਾਰਣ ਵਿਸ਼ੇਸ਼ ਧੁਨੀ। ਸਾਹਾ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਮੁੰਦਾ ਸੰਤੋਖੁ ਸਰਮੁ ਪਤੁ[2] ਝੋਲੀ[3], ਧਿਆਨ ਕੀ ਕਰਹਿ ਬਿਭੂਤਿ[4] ॥

(ਕਰਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਖਿੰਥਾ[5] ਕਾਲੁ ਕੁਆਰੀ[6] ਕਾਇਆ, ਜੁਗਤਿ ਡੰਡਾ ਪਰਤੀਤਿ ॥

(ਕਾਇਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਆਈ ਪੰਥੀ ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥

SIKHBOOKCLUB.COM

ਆਦੇਸੁ[7], ਤਿਸੈ ਆਦੇਸੁ ॥
ਆਦਿ[8] ਅਨੀਲੁ[9] ਅਨਾਦਿ[10] ਅਨਾਹਤਿ[11], ਜੁਗੁ ਜੁਗੁ ਏਕੋ ਵੇਸੁ ॥੨੮॥

ਭੁਗਤਿ[12] ਗਿਆਨੁ ਦਇਆ ਭੰਡਾਰਣਿ[13], [14]ਘਟਿ ਘਟਿ [15]ਵਾਜਹਿ ਨਾਦ ॥

(ਵਾਜਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਪਿ ਨਾਥੁ[16] ਨਾਥੀ ਸਭ ਜਾ ਕੀ, ਰਿਧਿ ਸਿਧਿ ਅਵਰਾ ਸਾਦ ॥

(ਅਵਰਾ—ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ, ਜਾ—ਨਾਸਿਕਤਾ ਬਿਨਾ।)

---

੧. ਪਾਤਸ਼ਾਹਾਂ ਦਾ ਮਾਲਕ। ੨. ਖੱਪਰ। ੩. ਬਗਲੀ। ੪. ਸੁਆਹ। ੫. ਗੋਦੜੀ। ੬. ਜੋਗ ਮਤ ਵਿਚ ਕਿਸੇ ਛੋਟੀ ਉਮਰ ਦੇ ਬਾਲਕ, ਜਿਸ ਨੂੰ ਵਸੀਲਾ ਬਣਾ ਕੇ ਜੋਗੀ ਲੋਕ ਗੁਪਤ ਮੰਡਲਾਂ ਦੀਆਂ ਗੁਹਜ ਗੱਲਾਂ ਦਾ ਅਨੁਭਵ ਅਤੇ ਪ੍ਰਗਟਾਵਾ ਕਰਦੇ ਹਨ, ਨੂੰ ਉਹ 'ਕੁਆਰੀ' ਆਖਦੇ ਹਨ। ੭. ਨਮਸਕਾਰ। ੮. ਮੁਢ-ਮੂਲ। ੯. ਰੂਪ-ਰੰਗ ਤੋਂ ਨਿਆਰਾ। ੧੦. ਆਦਿ-ਰਹਿਤ। ੧੧. ਜੋ ਹੱਤ ਨਾ ਕੀਤਾ ਜਾ ਸਕੇ, ਨਾਸ ਰਹਿਤ। ੧੨. ਭੋਜਨ। ੧੩. ਮੋਦੀ, ਵਰਤਾਵੀ।

'ਨਾਨਕ' (ਮੁਹਰ-ਛਾਪ)—ਉਹ ਪਾਤਿਸ਼ਾਹ ਹੈ, ਸ਼ਾਹਾਂ ਪਾਤਿਸ਼ਾਹਾਂ ਦਾ ਵੀ ਮਾਲਕ ਹੈ, ਉਸ ਦੀ ਰਜ਼ਾਅ (ਆਗਿਆ) ਵਿਚ ਹੀ ਰਹਿਣਾ ਬਣਦਾ ਹੈ॥੨੭॥

(ਗੁਰਮੁਖਿ ਜੋਗੀ) ਸੰਤੋਖ (ਪ੍ਰਭੂ ਦੇ ਦਿਤੇ 'ਤੇ ਸ਼ਾਕਰ ਰਹਿਣ) ਨੂੰ ਮੁੰਦਰਾ, ਸਰਮ (ਉੱਦਮ) ਨੂੰ ਖੱਪਰ ਤੇ ਬਗ਼ਲੀ ਅਤੇ ਧਿਆਨ (ਪ੍ਰਭੂ-ਲਿਵ) ਦੀ ਸੁਆਹ ਧਾਰਨ ਕਰਦੇ ਹਨ।

ਕਾਲ (ਸਮੇਂ ਦੀ ਚਾਦਰ) ਨੂੰ ਗੋਦੜੀ, ਦੇਹੀ ਨੂੰ ਕੁਆਰੀ (ਗੁਰਮਤਿ-ਜੋਗ ਕਮਾਉਣ ਦਾ ਵਸੀਲਾ) ਅਤੇ ਦ੍ਰਿੜ੍ਹ ਭਰੋਸੇ ਨੂੰ ਜੋਗ ਦੀ ਜੁਗਤੀ ਅਤੇ ਡੰਡਾ ਜਾਣਦੇ ਹਨ।

ਸਾਰੀ (ਲੋਕਾਈ) ਨੂੰ ਜਮਾਤੀ (ਬ੍ਰਹਮ-ਵਿਦਿਆ ਪ੍ਰਾਪਤਾਂ ਦੀ ਸਾਂਝੀਵਾਲ) ਜਾਣਨਾ (ਉਨ੍ਹਾਂ ਦਾ) ਆਈ ਪੰਥ (ਜੋਗੀਆਂ ਦਾ ਇਕ ਸਿਰਮੌਰ ਅਤੇ ਆਦਰਸ਼ਕ ਫ਼ਿਰਕਾ) ਦੇ ਧਾਰਨੀ ਹੋਣਾ ਹੁੰਦਾ ਹੈ। ਮਨ ਨੂੰ ਜਿੱਤ ਲਏ ਜਾਣ ਨਾਲ ਜਗਤ ਜਿਤ ਲਿਆ (ਜਾਣਦੇ ਹਨ)।

ਉਹ (ਗੁਰਮੁਖਿ ਜੋਗੀ) ਨਮਸਕਾਰ ਕਰਦੇ ਹਨ ਤਾਂ ਕੇਵਲ ਉਸ ਆਦੇਸ-ਜੋਗੁ (ਅਕਾਲ ਪੁਰਖ) ਨੂੰ, ਜੋ ਸਭ ਦਾ ਮੁੱਢ-ਮੂਲ ਹੈ, ਰੂਪ-ਰੰਗ ਤੋਂ ਨਿਆਰਾ ਹੈ, ਜਿਸ ਦਾ ਆਪਣਾ ਕੋਈ ਆਦਿ (ਮੁਢ) ਨਹੀਂ, ਜੋ ਹਤੇ (ਮਾਰੇ) ਜਾਣ ਤੋਂ ਮੁਕਤ ਹੈ ਅਤੇ ਜੋ ਜੁਗਾਂ-ਜੁਗਾਂਤਰਾਂ ਤੋਂ ਇਕੋ ਵੇਸ (ਸਤਿ-ਸਰੂਪ) ਵਾਲਾ ਹੈ॥੨੮॥

(ਗੁਰਮੁਖਿ ਜੋਗੀਆਂ ਲਈ) ਆਤਮ-ਗਿਆਨ (ਆਦਰਸ਼ਕ) ਭੋਜਨ ਹੁੰਦਾ ਹੈ, ਜੀਅ-ਦਇਆ (ਗਿਆਨ-ਭੰਡਾਰੇ ਦੀ ਆਦਰਸ਼ਕ) ਵਰਤਾਵੀ ਹੁੰਦੀ ਹੈ, ਅਤੇ ਹਰੇਕ ਜੀਵ ਦੇ ਅੰਦਰ (ਹੋ ਰਹੀ ਸ਼ਬਦ-ਧੁਨਿ ਉਨ੍ਹਾਂ ਲਈ ਆਦਰਸ਼ਕ) ਨਾਦ ਵਜਦੇ ਹਨ।

(ਉਨ੍ਹਾਂ ਦਾ ਦ੍ਰਿੜ੍ਹ ਨਿਸ਼ਚਾ ਹੁੰਦਾ ਹੈ) ਆਪ (ਖ਼ੁਦ ਕਰਤਾ ਪੁਰਖ ਸਭ ਕਿਸੇ ਦਾ) ਸ਼ਕਤੀਮਾਨ ਨਾਥ (ਮਾਲਕ) ਹੈ, ਸਾਰੀ (ਸ੍ਰਿਸ਼ਟੀ) ਜਿਸ ਦੀ ਨਥੀ (ਹੁਕਮ ਰਾਹੀਂ ਕਾਬੂ ਕੀਤੀ) ਹੋਈ ਹੈ। (ਉਨ੍ਹਾਂ ਲਈ ਸ੍ਰਿਸ਼ਟੀ-ਨਾਥ ਨਾਲ ਆਤਮ-ਸਾਂਝ ਪਾਉਣੀ ਹੀ ਅਸਲ ਰਿਧਿ ਸਿਧਿ ਹੈ), ਰਿਧੀਆਂ ਸਿਧੀਆਂ (ਕਰਾਮਾਤੀ ਸ਼ਕਤੀਆਂ) ਹੋਰ ਕਿਸਮ ਦੇ (ਹੋਛੇ) ਚਸਕੇ ਹੁੰਦੇ ਹਨ।

---

੧੪. ਹਰੇਕ ਜੀਵ ਅੰਦਰ। ੧੫. ਵਾਜੇ ਵਜਦੇ ਹਨ। ੧੬. ਸਰਬ-ਸ਼ਕਤੀਮਾਨ ਮਾਲਕ।

ਸੰਜੋਗੁ ਵਿਜੋਗੁ ਦੁਇ ਕਾਰ[1] ਚਲਾਵਹਿ, ਲੇਖੇ[2] ਆਵਹਿ[3] ਭਾਗਾ[4] ॥
(ਚਲਾਵਹਿ, ਆਵਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਆਦੇਸੁ, ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੨੯॥

ਏਕਾ ਮਾਈ ਜੁਗਤਿ[5] ਵਿਆਈ[6], ਤਿਨਿ ਚੇਲੇ[7] ਪਰਵਾਣੁ[8] ॥

ਇਕੁ ਸੰਸਾਰੀ[9] ਇਕੁ ਭੰਡਾਰੀ[10], ਇਕੁ ਲਾਏ[11] ਦੀ ਬਾਣੁ[12] ॥

ਜਿਵ ਤਿਸੁ ਭਾਵੈ ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ ॥

ਓਹੁ ਵੇਖੈ ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ[13] ॥
(ਓਨਾ—'ਨ' ਉਚਾਰਣ ਭਾਰ ਸਹਿਤ; ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਆਦੇਸੁ, ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੦॥

ਆਸਣੁ[14] ਲੋਇ[15] ਲੋਇ ਭੰਡਾਰ ॥

---

੧. ਪ੍ਰਕਿਰਿਆ। ੨. ਲਿਖੇ ਲੇਖੇ ਅਨੁਸਾਰ। ੩. ਪ੍ਰਾਪਤ ਹੁੰਦੇ ਹਨ। ੪. ਹਿੱਸੇ, ਛਾਂਦੇ। ੫. ਵਿਸ਼ੇਸ਼ ਵਿਧੀ। ੬. ਪ੍ਰਸੂਤ ਹੋਈ। ੭. ਚੇਲੇ, ਪੁੱਤਰ। ੮. ਪੌਰਾਣਿਕ ਮਨੌਤ। ੯. ਸੰਸਾਰ ਦੀ ਰਚਨਾ ਕਰਨ

(ਪ੍ਰਭੂ ਦਾ ਬਣਾਇਆ) ਸੰਜੋਗੁ (ਮਿਲਾਪ ਦਾ ਅਟੱਲ ਨੇਮ) ਅਤੇ ਵਿਜੋਗੁ (ਵਿਛੋੜੇ ਦਾ ਅਟੱਲ ਨੇਮ) ਇਹ ਦੋਵੇਂ ਸੰਸਾਰ ਦੀ ਪ੍ਰਕਿਰਿਆ ਚਲਾ ਰਹੇ ਹਨ। (ਪ੍ਰਭੂ ਵਲੋਂ) ਲਿਖੇ ਲੇਖੇ ਅਨੁਸਾਰ (ਜੀਵਾਂ ਨੂੰ ਆਪੋ ਆਪਣੇ) ਛਾਂਦੇ ਹਿੱਸੇ ਆਉਂਦੇ (ਪ੍ਰਾਪਤ ਹੁੰਦੇ) ਹਨ।

ਉਹ (ਗੁਰਮੁਖਿ ਜੋਗੀ) ਨਮਸਕਾਰ ਕਰਦੇ ਹਨ ਤਾਂ ਕੇਵਲ ਉਸ ਆਦੇਸ-ਜੋਗੁ (ਅਕਾਲ ਪੁਰਖ) ਨੂੰ, ਜੋ ਸਭ ਦਾ ਮੁਢ-ਮੂਲ ਹੈ, ਰੂਪ-ਰੰਗ ਤੋਂ ਨਿਆਰਾ ਹੈ, ਜਿਸ ਦਾ ਆਪਣਾ ਕੋਈ ਆਦਿ (ਮੁਢ) ਨਹੀਂ, ਜੋ ਹਤੇ (ਮਾਰੇ) ਜਾਣ ਤੋਂ ਮੁਕਤ ਹੈ ਅਤੇ ਜੋ ਜੁਗਾਂ-ਜੁਗਾਂਤਰਾਂ ਤੋਂ ਇਕੋ ਵੇਸ ਵਾਲਾ (ਸਤਿ-ਸਰੂਪ) ਹੈ ॥੨੯॥

ਇਕ ਮਾਈ (ਮਾਇਆ) ਵਿਸ਼ੇਸ਼ ਵਿਧੀ ਨਾਲ ਪ੍ਰਸੂਤ ਹੋਈ, ਜਿਸ ਤੋਂ ਤਿੰਨ ਚੇਲੇ ਹੋਂਦ ਵਿਚ ਆਉਣੇ (ਇਕ ਪੌਰਾਣਿਕ) ਮਨੌਤ ਹੈ।

ਇਕ (ਚੇਲਾ) ਸੰਸਾਰ ਦੀ ਰਚਨਾ ਕਰਨ ਵਾਲਾ (ਬ੍ਰਹਮਾ) ਹੈ, ਇਕ (ਚੇਲਾ) ਭੰਡਾਰਾ ਰਖਣ ਤੇ ਵੰਡਣ ਵਾਲਾ (ਵਿਸ਼ਨੂੰ) ਹੈ ਅਤੇ ਇਕ (ਚੇਲਾ) (ਰਚਨਾ ਨੂੰ) ਲੈਅ ਕਰਨ ਦੀ ਬਾਣ (ਵਾਦੀ) ਵਾਲਾ (ਭਾਵ, ਸੰਘਾਰ-ਕਰਤਾ—ਸ਼ਿਵਜੀ) ਹੈ।

ਜਿਵੇਂ ਉਸ (ਮਾਈ—ਮਾਇਆ) ਨੂੰ ਭਾਉਂਦਾ ਹੈ ਤਿਵੇਂ ਉਹ (ਆਪਣੇ ਤਿੰਨਾਂ ਚੇਲਿਆਂ ਨੂੰ) ਚਲਾਉਂਦੀ ਹੈ (ਪਰ ਮਾਇਆ ਆਪਣੇ ਆਪ ਵਿਚ ਸੁਤੰਤਰ ਨਹੀਂ, ਉਹ ਉਵੇਂ ਚਲਦੀ ਹੈ) ਜਿਵੇਂ ਜਿਵੇਂ (ਕਰਤਾ ਪੁਰਖ ਦਾ) ਫ਼ੁਰਮਾਣ (ਹੁਕਮ) ਹੁੰਦਾ ਹੈ।

ਉਹ (ਕਰਤਾ ਪੁਰਖ ਮਾਈ—ਮਾਇਆ ਅਤੇ ਉਸ ਦੇ ਚੇਲਿਆਂ ਨੂੰ ਨਿਰੰਤਰ) ਵੇਖਦਾ ਹੈ, ਪਰ ਉਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ, ਇਹ ਬੜਾ ਅਸਚਰਜ ਕੌਤਕ ਹੈ।

ਉਹ (ਗੁਰਮੁਖਿ ਜੋਗੀ) ਨਮਸਕਾਰ ਕਰਦੇ ਹਨ ਤਾਂ ਕੇਵਲ ਉਸ ਆਦੇਸ-ਜੋਗੁ (ਅਕਾਲ ਪੁਰਖ) ਨੂੰ, ਜੋ ਸਭ ਦਾ ਮੁਢ-ਮੂਲ ਹੈ, ਰੂਪ-ਰੰਗ ਤੋਂ ਨਿਆਰਾ ਹੈ, ਜਿਸ ਦਾ ਆਪਣਾ ਕੋਈ ਆਦਿ (ਮੁਢ) ਨਹੀਂ, ਜੋ ਹਤੇ (ਮਾਰੇ) ਜਾਣ ਤੋਂ ਮੁਕਤ ਹੈ ਅਤੇ ਜੋ ਜੁਗਾਂ-ਜੁਗਾਂਤਰਾਂ ਤੋਂ ਇਕੋ ਵੇਸ ਵਾਲਾ (ਸਤਿ-ਸਰੂਪ) ਹੈ ॥੩੦॥

(ਸਿਰਜਣਹਾਰ ਕਰਤਾਰ ਦਾ) ਟਿਕਾਣਾ ਅਤੇ ਉਸ ਦੇ ਭੰਡਾਰੇ ਹਰੇਕ ਲੋਕ (ਭਵਨ) ਵਿਚ ਹਨ।

ਵਾਲਾ। ੧੦. ਭੰਡਾਰਾ ਰਖਣ ਤੇ ਵੰਡਣ ਵਾਲਾ। ੧੧. ਲੈਅ (ਸੰਘਾਰ) ਕਰਨਾ। ੧੨. ਬਾਣ (ਵਾਦੀ) ਵਾਲਾ। ੧੩. ਅਸਚਰਜ ਕੌਤਕ। ੧੪. ਟਿਕਾਣਾ। ੧੫. ਹਰੇਕ ਲੋਕ (ਭਵਨ) ਵਿਚ।

www.sikhbookclub.com

ਜੋ ਕਿਛੁ ਪਾਇਆ ਸੁ ਏਕਾ ਵਾਰ ॥

[1]ਕਰਿ ਕਰਿ ਵੇਖੈ[2] ਸਿਰਜਣਹਾਰੁ ॥

ਨਾਨਕ ਸਚੇ ਕੀ ਸਾਚੀ ਕਾਰ ॥

ਆਦੇਸੁ, ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ, ਜੁਗੁ ਜੁਗੁ ਏਕੋ ਵੇਸੁ ॥੩੭॥

[3]ਇਕ ਦੂ ਜੀਭੌ[4] ਲਖ ਹੋਹਿ[5], ਲਖ ਹੋਵਹਿ ਲਖ ਵੀਸ ॥
(ਜੀਭੌ—ਉਚਾਰਣ 'ਜੀਭੋ'। ਹੋਹਿ, ਹੋਵਹਿ—'ਹਿ' ਉਚਾਰਣ ਨਾਸਕੀ।)

ਲਖੁ ਲਖੁ ਗੇੜਾ[6] ਆਖੀਅਹਿ[7], ਏਕੁ[8] ਨਾਮੁ ਜਗਦੀਸ[9] ॥
(ਆਖੀਅਹਿ—'ਹਿ' ਉਚਾਰਣ ਨਾਸਕੀ।)

ਏਤੁ ਰਾਹਿ ਪਤਿ ਪਵੜੀਆ, ਚੜੀਐ ਹੋਇ ਇਕੀਸ[10] ॥
(ਪਵੜੀਆ—ਅੰਤਲੇ 'ਆ' ਦਾ ਉਚਾਰਣ ਨਾਸਕੀ। ਚੜੀਐ—'ੜ' ਦਾ ਉਚਾਰਣ ਭਾਰ ਸਹਿਤ। ਇਕੀਸ—'ਕ' ਦੀ ਧੁਨੀ ਦਾ ਉਚਾਰਣ ਬਲ ਸਹਿਤ।)

ਸੁਣਿ ਗਲਾ ਆਕਾਸ[11] ਕੀ, ਕੀਟਾ[12] ਆਈ ਰੀਸ ॥
(ਗਲਾ, ਕੀਟਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

---

੧. ਰਚਨਾ ਕਰ ਕਰ ਕੇ। ੨. ਦੇਖ-ਭਾਲ ਕਰਦਾ ਹੈ। ੩. ਇਕ ਤੋਂ। ੪. ਜੀਭ ਤੋਂ। ੫. (ਹੋਵਹਿ) ਹੋ ਜਾਣ। ੬. ਵਾਰੀ, ਸਾਰ ਬਾਰ। ੭. ਆਖੇ (ਦਿੱਤੇ) ਜਾਣ। ੮. ਕੇਵਲ। ੯. ਜਗਤ ਦੇ ਮਾਲਕ

ਜੋ ਕੁਝ ਵੀ ਹੈ (ਭਾਵ, ਸਭ ਕੁਝ ਪ੍ਰਭੂ ਵਲੋਂ) ਇਕੋ ਵਾਰ (ਭੰਡਾਰਿਆਂ ਵਿਚ) ਪਾ ਦਿੱਤਾ ਹੋਇਆ ਹੈ।

ਸਿਰਜਣਹਾਰ ਕਰਤਾ ਪੁਰਖ (ਆਪਣੀ ਰਚਨਾ ਨੂੰ) ਪੈਦਾ ਕਰ ਕਰ ਕੇ ਉਸ ਦੀ ਦੇਖ-ਭਾਲ (ਨਿਰੰਤਰ) ਕਰੀ ਜਾ ਰਿਹਾ ਹੈ।

'ਨਾਨਕ' (ਮੁਹਰ-ਛਾਪ)—ਸੱਚ ਸਰੂਪ (ਵਾਹਿਗੁਰੂ) ਦੀ (ਪ੍ਰਕਿਰਤੀ ਰਚਨਾ ਦੀ ਅਤੇ ਉਸ ਦੀ ਨਿਰੰਤਰ ਦੇਖ-ਭਾਲ ਦੀ) ਕਾਰ ਵੀ ਸੱਚੀ ਹੈ [ਇਸ ਵਿਚ ਨਾ ਕੋਈ ਤਿਲ (ਵਿਖਾਵੇ ਦਾ ਕਪਟ) ਹੈ, ਨਾ ਤਮਾ (ਲਾਲਚ)]।

ਉਹ (ਗੁਰਮੁਖਿ ਜੋਗੀ) ਨਮਸਕਾਰ ਕਰਦੇ ਹਨ ਤਾਂ ਕੇਵਲ ਉਸ ਆਦੇਸ-ਜੋਗੁ (ਅਕਾਲ ਪੁਰਖ) ਨੂੰ, ਜੋ ਸਭ ਦਾ ਮੂਲ-ਮੁਢ ਹੈ, ਰੂਪ-ਰੰਗ ਤੋਂ ਨਿਆਰਾ ਹੈ, ਜਿਸ ਦਾ ਆਪਣਾ ਕੋਈ ਆਦਿ (ਮੁਢ) ਨਹੀਂ, ਜੋ ਹਤੇ (ਮਾਰੇ) ਜਾਣ ਤੋਂ ਮੁਕਤ ਹੈ ਅਤੇ ਜੋ ਜੁਗਾਂ-ਜੁਗਾਂਤਰਾਂ ਤੋਂ ਇਕੋ ਵੇਸ ਵਾਲਾ (ਸਤਿ ਸਰੂਪ) ਹੈ ॥੩੧॥

ਇਕ ਜੀਭ ਤੋਂ ਲੱਖ (ਜੀਭਾਂ) ਹੋ ਜਾਣ, ਲੱਖ ਤੋਂ ਹੋ ਜਾਣ ਵੀਹ ਲੱਖ (ਭਾਵ, ਅਣਗਿਣਤ)।

(ਜਪਣ ਨੂੰ ਹੋਵੇ) ਕੇਵਲ ਜਗਤ ਦੇ ਮਾਲਕ (ਵਾਹਿਗੁਰੂ) ਦਾ ਨਾਮ ਅਤੇ (ਨਾਮ-ਜਾਪ ਦੇ) ਲੱਖ ਲੱਖ ਗੇੜੇ ਆਖੇ (ਦਿੱਤੇ) ਜਾਣ (ਭਾਵ, ਨਾਮ-ਜਾਪ ਦੀ ਅਤੁੱਟ ਅਭਿਆਸ-ਕਮਾਈ ਕੀਤੀ ਜਾਵੇ)।

ਏਸ (ਨਾਮ-ਜਾਪ ਦੇ) ਰਾਹ ਉੱਤੇ ਪਤਿ-ਪਉੜੀਆਂ (ਪਤੀ-ਪਰਮੇਸ਼ਰ ਦੇ ਮਿਲਾਪ ਦੀਆਂ ਪਉੜੀਆਂ) ਹਨ, ਇਹ ਪਉੜੀਆਂ ਚੜ੍ਹ ਜਾਈਏ ਤਾਂ (ਪਤੀ-ਪਰਮੇਸ਼ਰ ਨਾਲ) ਇਕ-ਮਿਕਤਾ (ਆਤਮ-ਅਭੇਦਤਾ) ਹੋ ਜਾਂਦੀ ਹੈ।

ਗਗਨ-ਮੰਡਲ (ਉੱਚੀ ਆਤਮਿਕ ਉਡਾਰੀ) ਦੀਆਂ ਗੱਲਾਂ ਸੁਣ ਕੇ (ਧਰਤੀ 'ਤੇ ਰੀਂਗਣ ਵਾਲੇ ਅਥਵਾ ਗਗਨ-ਉਡਾਰੀ ਦੀ ਸਮਰੱਥਾ ਨਾ ਰਖਣ ਵਾਲੇ ਮਾਇਆ ਦੇ) ਕੀੜਿਆਂ (ਕੂੜੇ ਸਾਕਤਾਂ) ਨੂੰ ਵੀ (ਮਾਨੋਂ ਅਕਾਸ਼-ਉਡਾਰੀ ਲਾਉਣ ਦੀ) ਰੀਸ ਆ ਗਈ ਹੋਵੇ।

(ਵਾਹਿਗੁਰੂ) ਦਾ। ੧੦. ਇਕ-ਮਿਕਤਾ, ਆਤਮ-ਅਭੇਦਤਾ। ੧੧. ਗਗਨ-ਮੰਡਲ, ਉੱਚੀ ਆਤਮਕ ਅਵਸਥਾ। ੧੨. (ਮਾਇਆ ਦੇ) ਕੀੜਿਆਂ, ਸਾਕਤਾਂ।

 www.sikhbookclub.com

ਨਾਨਕ, ਨਦਰੀ[1] ਪਾਈਐ, ਕੂੜੀ ਕੂੜੈ[2] ਠੀਸ[3] ॥੩੨॥

ਆਖਣਿ ਜੋਰੁ[4], ਚੁਪੈ ਨਹ ਜੋਰੁ ॥
(ਨਹ—'ਹ' ਦਾ ਉਚਾਰਣ 'ਹਿ' ਵਾਂਗ ਨਹੀਂ।)
ਜੋਰੁ ਨ ਮੰਗਣਿ, ਦੇਣਿ ਨ ਜੋਰੁ ॥

ਜੋਰੁ ਨ ਜੀਵਣਿ, ਮਰਣਿ ਨਹ ਜੋਰੁ ॥
ਜੋਰੁ ਨ ਰਾਜਿ, ਮਾਲਿ, ਮਨਿ ਸੋਰੁ[5] ॥

ਜੋਰੁ ਨ ਸੁਰਤੀ, ਗਿਆਨਿ ਵੀਚਾਰਿ ॥

ਜੋਰੁ ਨ ਜੁਗਤੀ, ਛੁਟੈ[6] ਸੰਸਾਰੁ ॥

ਜਿਸੁ ਹਥਿ ਜੋਰੁ, ਕਰਿ[7] ਵੇਖੈ ਸੋਇ ॥

ਨਾਨਕ, ਉਤਮੁ ਨੀਚੁ ਨ ਕੋਇ ॥੩੩॥

---

੧. ਮਿਹਰ ਦੀ ਨਜ਼ਰ ਦੁਆਰਾ। ੨. ਝੂਠ ਵਿਚ ਗ੍ਰਸਤ (ਮਨੁੱਖ) ਦੀ। ੩. ਗੱਪ। ੪. ਬਲ, ਵਸ, ਚਾਰਾ। ੫. ਸ਼ੋਰ-ਸ਼ਰਾਬਾ, ਡੰਡ ਰੌਲਾ। ੬. ਛੁੱਟ ਜਾਵੇ, ਮਗਰੋਂ ਲਹਿ ਜਾਵੇ। ੭. ਕਰ ਕੇ, ਰਚ ਕੇ।

'ਨਾਨਕ' (ਮੁਹਰ-ਛਾਪ)—(ਨਾਮ ਦੇ ਅਜਪਾ ਜਾਪ ਦੁਆਰਾ ਪਤੀ-ਪਰਮੇਸ਼ਰ ਨਾਲ ਇਕ-ਮਿਕਤਾ, ਆਪਣੀ ਕਿਸੇ ਚਤੁਰਾਈ ਜਾਂ ਤਾਣ ਰਾਹੀਂ ਨਹੀਂ, ਸਗੋਂ) ਪ੍ਰਭੂ ਦੀ ਮਿਹਰ ਦੀ ਨਜ਼ਰ ਦੁਆਰਾ ਹੀ ਪਾਈਦੀ ਹੈ। ਝੂਠ ਵਿਚ ਗ੍ਰਸਤ (ਹੋਣ ਕਾਰਨ ਪ੍ਰਭੂ-ਮਿਹਰ ਤੋਂ ਵਿਰਵੇ ਸਾਕਤ ਮਨੁੱਖ) ਦੀ (ਨਾਮ-ਜਾਪ ਅਥਵਾ ਗਗਨ-ਉਡਾਰੀ ਦੀ ਫੋਕੀ ਸ਼ੇਖ਼ੀ) ਝੂਠੀ ਗੱਪ ਹੀ ਹੁੰਦੀ ਹੈ॥੩੨॥

(ਜੀਵ ਦਾ) ਬੋਲਣ ਵਿਚ ਨਾ (ਆਪਣਾ) ਕੋਈ ਵੱਸ (ਚਲਦਾ) ਹੈ, ਨਾ ਚੁਪ ਰਹਿਣ ਵਿਚ ਹੀ ਕੋਈ ਵਸ (ਚਲਦਾ) ਹੈ।

ਨਾ ਮੰਗਣ ਵਿਚ (ਆਪਣਾ) ਵਸ ਚਲਦਾ ਹੈ, ਨਾ ਦੇਣ ਵਿਚ ਆਪਣਾ ਤਾਣ ਕੰਮ ਕਰਦਾ ਹੈ।

ਨਾ ਜੀਊਣ ਵਿਚ ਆਪਣਾ ਵਸੀਕਾਰ ਹੈ, ਨਾ ਮਰਨ ਵਿਚ ਹੀ ਆਪਣਾ ਜ਼ੋਰ ਹੈ।

ਮਨ ਵਿਚ ਸ਼ੋਰ-ਸ਼ਰਾਬਾ ਪੈਦਾ ਕਰਨ ਵਾਲੇ ਰਾਜ ਅਤੇ ਮਾਲ-ਦੌਲਤ (ਪ੍ਰਾਪਤ ਕਰਨ ਅਥਵਾ ਇਸ ਦੇ ਭੋਗ-ਬਿਲਾਸ ਕਰਨ) ਵਿਚ (ਜੀਵ ਦਾ) ਕੋਈ ਵਸ ਨਹੀਂ ਚਲਦਾ।

ਸੁਰਤੀ (ਧਿਆਨ) ਲਾਉਣ ਵਿਚ ਜਾਂ ਗਿਆਨ ਦੁਆਰਾ ਵੀਚਾਰ ਕਰਨ ਵਿਚ (ਮਨੁੱਖ ਦਾ) ਕੋਈ ਵਸ ਨਹੀਂ ਚਲਦਾ।

(ਉਹ) ਜੁਗਤੀ (ਵਿਉਂਤ), ਜਿਸ ਨਾਲ (ਸੰਸੇ ਦਾ ਮੂਲ) ਸੰਸਾਰ (ਮਾਇਕੀ ਧੰਧਾ) ਮਗਰੋਂ ਲਹਿ ਜਾਵੇ, ਜਾਣਨ ਵਿਚ ਵੀ ਮਨੁੱਖ ਦਾ ਵੱਸ ਨਹੀਂ ਚਲਦਾ।

ਜਿਸ (ਪ੍ਰਭੂ) ਦੇ ਹੱਥ ਵਿਚ (ਸਾਰਾ) ਬਲ ਹੈ, ਉਹ (ਆਪਣੇ ਬਲ ਨਾਲ ਸੰਸਾਰ-ਖੇਡ) ਰਚ ਕੇ ਇਸ ਦੀ (ਨਿਰੰਤਰ) ਦੇਖ-ਭਾਲ ਕਰ ਰਿਹਾ ਹੈ।

'ਨਾਨਕ' (ਮੁਹਰ-ਛਾਪ)—(ਸ੍ਰੈ-ਤਾਣ ਦੇ ਬਲ-ਬੋਤੇ) ਨਾ ਕੋਈ ਚੰਗਾ ਹੈ ਨਾ ਮੰਦਾ, (ਸਭਨਾਂ ਵਿਚ ਸਰਬ-ਕਲਾ-ਸਮਰੱਥ ਵਾਹਿਗੁਰੂ ਦਾ ਬਲ ਹੀ ਵਰਤ ਰਿਹਾ ਹੈ।)॥੩੩॥

SIKHBOOKCLUB.COM

ਰਾਤੀ, ਰੁਤੀ, ਥਿਤੀ, ਵਾਰ ॥

(ਰਾਤੀ, ਰੁਤੀ, ਥਿਤੀ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਪਵਣ, ਪਾਣੀ, ਅਗਨੀ, ਪਾਤਾਲ ॥

ਤਿਸੁ ਵਿਚਿ, ਧਰਤੀ ਥਾਪਿ ਰਖੀ ਧਰਮਸਾਲ ॥

ਤਿਸੁ ਵਿਚਿ, ਜੀਅ ਜੁਗਤਿ ਕੇ[1] ਰੰਗ ॥ (ਕੇ—'ਕੋਇ' ਦਾ ਸੰਖਿਪਤ ਰੂਪ।)

ਤਿਨ ਕੇ ਨਾਮ ਅਨੇਕ ਅਨੰਤ[2] ॥

[3]ਕਰਮੀ ਕਰਮੀ ਹੋਇ ਵੀਚਾਰੁ ॥

ਸਚਾ ਆਪਿ ਸਚਾ ਦਰਬਾਰੁ ॥

ਤਿਥੈ ਸੋਹਨਿ[4] [5]ਪੰਚ ਪਰਵਾਣੁ ॥

[6]ਨਦਰੀ ਕਰਮਿ ਪਵੈ ਨੀਸਾਣੁ[7] ॥

[8]ਕਚ ਪਕਾਈ ਓਥੈ ਪਾਇ ॥

ਨਾਨਕ, ਗਇਆ ਜਾਪੈ ਜਾਇ ॥੩੪॥

(ਗਇਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਧਰਮ ਖੰਡ ਕਾ ਏਹੋ ਧਰਮੁ ॥

ਗਿਆਨ ਖੰਡ ਕਾ ਆਖਹੁ[9] ਕਰਮੁ[10] ॥

---

੧. ਕਈ। ੨. ਅੰਤ ਤੋਂ ਪਰੇ। ੩. ਆਪੋ ਆਪਣੀ ਕਰਣੀ ਕਮਾਈ ਉਤੇ। ੪. ਸੋਭਦੇ ਹਨ।
੫. ਕਬੂਲ ਪਏ ਸ੍ਰੇਸ਼ਟ ਪੁਰਸ਼। ੬. ਬਖ਼ਸ਼ਸ਼ ਦੀ ਨਜ਼ਰ ਰਾਹੀਂ। ੭. ਪ੍ਰਵਾਨਗੀ ਦਾ ਚਿੰਨ੍ਹ।

(ਧਰਮ-ਖੰਡ ਵਿਚ ਅਨੰਤ) ਰਾਤਾਂ, ਰੁੱਤਾਂ, ਥਿੱਤਾਂ ਅਤੇ ਵਾਰ ਹਨ; ਹਵਾ, ਪਾਣੀ, ਅਗਨੀ (ਆਕਾਸ਼) ਅਤੇ ਪਾਤਾਲ ਹਨ।

(ਕਰਤਾ ਪੁਰਖ ਨੇ) ਉਸ (ਧਰਮ-ਖੰਡ) ਵਿਚ ਧਰਤੀ ਧਰਮਸਾਲ (ਧਰਮ-ਵਰਤਾਰੇ ਦੀ ਥਾਂ) ਸਥਾਪਿਤ ਕਰ ਰੱਖੀ ਹੈ।

ਉਸ (ਧਰਮ-ਖੰਡ ਦੀ ਧਰਮਸਾਲ—ਧਰਤੀ) ਵਿਚ ਕਈ ਜੁਗਤਾਂ (ਜੀਵਨ-ਢੰਗਾਂ) ਅਤੇ ਕਈ ਰੂਪ-ਰੰਗਾਂ ਦੇ ਜੀਵ ਹਨ; ਉਨ੍ਹਾਂ ਦੇ ਨਾਮ ਅਨੇਕ ਹਨ, ਜੋ ਅੰਤ ਤੋਂ ਪਰੇ ਹਨ।

(ਹਰੇਕ ਜੀਵ ਦੀ) ਆਪੋ ਆਪਣੀ ਕਰਣੀ ਉੱਤੇ ਧਰਮ-ਵੀਚਾਰ ਹੁੰਦਾ ਹੈ।

(ਪ੍ਰਭੂ) ਆਪ ਸੱਚਾ ਹੈ, (ਉਸ ਦਾ ਸਥਾਪਿਤ ਕੀਤਾ) ਧਰਮ-ਦਰਬਾਰ ਵੀ ਸੱਚਾ (ਸੱਚ ਦੇ ਵਰਤਾਰੇ ਵਾਲਾ) ਹੈ।

ਓਥੇ (ਧਰਮ-ਖੰਡ ਦਰਬਾਰ ਵਿਚ) ਕਬੂਲ ਹੋਏ ਹੋਏ ਪੰਚ (ਸ੍ਰੇਸ਼ਟ ਪੁਰਸ਼) ਸੁਭਾਇਮਾਨ ਹੁੰਦੇ ਹਨ।

(ਪ੍ਰਭੂ ਦੀ) ਬਖ਼ਸ਼ਸ਼ ਦੀ ਨਜ਼ਰ ਦੁਆਰਾ (ਉਨ੍ਹਾਂ ਦੇ ਦਿੱਬ-ਮੂਰਤੀ ਮਸਤਕ ਉੱਤੇ) ਪ੍ਰਭੂ-ਪ੍ਰਵਾਨਗੀ ਦਾ ਚਿੰਨ੍ਹ (ਨਾਮ ਨੀਸ਼ਾਨ) ਪੈਂਦਾ ਹੈ।

ਜੀਵਾਂ ਦੀ ਕਚਿਆਈ-ਪਕਿਆਈ ਦੀ ਓਥੇ (ਧਰਮ-ਖੰਡ ਵਿਚ) ਸਮਝ ਪੈਂਦੀ ਹੈ।

'ਨਾਨਕ' (ਮੁਹਰ-ਛਾਪ)—(ਓਥੇ ਧਰਮ-ਖੰਡ ਵਿਚ) ਜਾਣ 'ਤੇ ਹੀ ਜਾਣਿਆ ਜਾਏਗਾ (ਕਉਣ ਕੱਚਾ ਹੈ ਕਉਣ ਪੱਕਾ)॥੩੪॥

ਧਰਮ-ਖੰਡ ਦਾ ਇਹੀ (ਉਪਰੋਕਤ ਵਰਣਤ) ਧਰਮ-ਵਰਤਾਰਾ ਹੈ।

ਗਿਆਨ-ਖੰਡ ਦਾ ਕਥਨ ਅਤੇ ਵਰਤਾਰਾ (ਇਉਂ ਹੈ)।

---

੮. ਕਚਿਆਈ ਅਤੇ ਪਕਿਆਈ। ੯. ਆਖਣ, ਕਥਨ (ਨਾਂਵ ਕ੍ਰਿਦੰਤ)। ੧੦. ਵਰਤਾਰਾ।

ਕੇਤੇ ਪਵਣ, ਪਾਣੀ, ਵੈਸੰਤਰ[1], ਕੇਤੇ ਕਾਨ[2] ਮਹੇਸ[3] ॥

(ਕਾਨ—'ਨ' ਉਚਾਰਣ ਭਾਰ ਸਹਿਤ।)

ਕੇਤੇ ਬਰਮੇ ਘਾੜਤਿ[4] ਘੜੀਅਹਿ[5], ਰੂਪ ਰੰਗ [6]ਕੇ ਵੇਸ ॥

(ਬਰਮੇ—'ਰ' ਉਚਾਰਣ ਭਾਰ ਸਹਿਤ। ਘੜੀਅਹਿ—ਅੰਤਲੇ ਸੁਰ ਦਾ ਉਚਾਰਣ ਨਾਸਕੀ। ਕੇ—'ਕੇਇ' ਦਾ ਸੰਖਿਪਤ ਰੂਪ।)

ਕੇਤੀਆ ਕਰਮ ਭੂਮੀ, ਮੇਰ[7] ਕੇਤੇ, ਕੇਤੇ ਧੂ ਉਪਦੇਸ ॥

(ਕੇਤੀਆ—ਅੰਤਲੇ ਸੁਰ ਦਾ ਉਚਾਰਣ ਨਾਸਕੀ।)

ਕੇਤੇ ਇੰਦ ਚੰਦ, ਸੂਰ[8] ਕੇਤੇ, ਕੇਤੇ [9]ਮੰਡਲ ਦੇਸ ॥

ਕੇਤੇ ਸਿਧ ਬੁਧ, ਨਾਥ ਕੇਤੇ, ਕੇਤੇ [10]ਦੇਵੀ ਵੇਸ ॥

ਕੇਤੇ ਦੇਵ ਦਾਨਵ[11], ਮੁਨਿ ਕੇਤੇ, ਕੇਤੇ ਰਤਨ ਸਮੁੰਦ ॥

ਕੇਤੀਆ ਖਾਣੀ, ਕੇਤੀਆ ਬਾਣੀ, ਕੇਤੇ ਪਾਤ[12] ਨਰਿੰਦ[13] ॥

[ਕੇਤੀਆ—(ਦੋਵੇਂ ਵਾਰੀ) ਅੰਤਲੇ ਸੁਰ ਦਾ ਉਚਾਰਣ ਨਾਸਕੀ।]

ਕੇਤੀਆ ਸੁਰਤੀ[14], ਸੇਵਕ ਕੇਤੇ, ਨਾਨਕ, ਅੰਤੁ ਨ ਅੰਤੁ ॥੩੫॥

(ਕੇਤੀਆ, ਸੁਰਤੀ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਗਿਆਨ ਖੰਡ ਮਹਿ ਗਿਆਨੁ ਪਰਚੰਡੁ[15] ॥

ਤਿਥੈ ਨਾਦ[16] ਬਿਨੋਦ[17], ਕੋਡ[18] ਅਨੰਦੁ ॥

---

੧. ਅਗਨੀਆਂ। ੨. ਕ੍ਰਿਸ਼ਨ-ਕਨ੍ਹਈਆ। ੩. ਸ਼ਿਵ ਜੀ। ੪. ਘਾੜਤ ਵਿਚ। ੫. ਘੜੇ ਜਾਂਦੇ ਹਨ। ੬. ਕਈ ਵੇਸਾਂ ਵਾਲੇ। ੭. ਸੁਮੇਰ ਪਰਬਤ। ੮. ਸੂਰਜ। ੯. ਦੇਸ ਅਤੇ ਉਨ੍ਹਾਂ ਦੇ ਹਿੱਸੇ। ੧੦. ਦਿਬ (ਪ੍ਰਕਾਸ਼) ਸਰੂਪ ਵਾਲੇ। ੧੧. ਰਾਖਸ਼। ੧੨. ਰਾਜ-ਸਿੰਘਾਸਣ। ੧੩. ਪਾਤਸ਼ਾਹ।

(ਗਿਆਨ-ਖੰਡ ਵਿਚ) ਕਿੰਨੇ ਹੀ (ਪ੍ਰਕਾਰ ਦੇ) ਪਉਣ, ਪਾਣੀ ਅਤੇ ਅਗਨੀਆਂ ਹਨ, ਕਿੰਨੇ ਹੀ ਕ੍ਰਿਸ਼ਨ-ਕਨ੍ਹਈਆ ਅਤੇ ਸ਼ਿਵ ਹਨ।

ਕਿੰਨੇ ਹੀ ਬ੍ਰਹਮੇ ਹਨ (ਜਿਨ੍ਹਾਂ ਦੁਆਰਾ) ਕਈ ਰੂਪਾਂ-ਰੰਗਾਂ ਅਤੇ ਵੇਸਾਂ ਵਾਲੇ (ਜੀਵ-ਜੰਤ) ਘਾੜਤ ਵਿਚ ਘੜੇ ਜਾਂਦੇ ਹਨ।

ਕਿੰਨੀਆਂ ਹੀ ਕਰਮ-ਭੂਮੀਆਂ (ਕਰਮ ਕਮਾਉਣ ਵਾਲੀਆਂ ਧਰਤੀਆਂ) ਹਨ, ਕਿੰਨੇ ਹੀ ਸੁਮੇਰ ਪਰਬਤ ਹਨ, ਕਿੰਨੇ ਹੀ ਧ੍ਰੂਅ (ਭਗਤ) ਅਤੇ ਉਨ੍ਹਾਂ ਦੇ ਉਪਦੇਸ਼ (ਕਰਨਹਾਰੇ) ਹਨ।

ਕਿੰਨੇ ਹੀ ਇੰਦਰ ਹਨ, ਚੰਦਰਮੇ ਹਨ, ਕਿੰਨੇ ਹੀ ਸੂਰਜ ਹਨ, ਕਿੰਨੇ ਹੀ ਮੰਡਲ ਅਤੇ ਦੇਸ ਹਨ।

ਕਿੰਨੇ ਹੀ ਸਿਧੀ ਨੂੰ ਪ੍ਰਾਪਤ ਹੋਏ ਸਿਧ ਹਨ, ਬੁਧ (ਬੁਧੀਮਾਨ) ਹਨ; ਕਿੰਨੇ ਹੀ ਪੁੱਗੇ ਹੋਏ ਜੋਗੀ-ਨਾਥ ਹਨ; ਕਿੰਨੇ ਹੀ ਦਿਬ (ਪ੍ਰਕਾਸ਼) ਸਰੂਪ ਵਾਲੇ ਹਨ।

ਕਿੰਨੇ ਹੀ ਦੇਵਤੇ ਹਨ, ਰਾਖਸ਼ ਹਨ, ਕਿੰਨੇ ਹੀ ਰਿਸ਼ੀ-ਮੁਨੀ ਹਨ; ਕਿੰਨੇ ਹੀ ਰਤਨ-ਸਾਗਰ ਹਨ।

ਕਿੰਨੇ ਪ੍ਰਕਾਰ ਦੀਆਂ ਖਾਣੀਆਂ (ਉਤਪਤੀ ਦੇ ਸ੍ਰੋਤ) ਹਨ; ਕਿੰਨੇ ਪ੍ਰਕਾਰ ਦੀਆਂ ਬਾਣੀਆਂ (ਬੋਲੀਆਂ) ਹਨ; ਕਿੰਨੇ ਹੀ ਰਾਜ-ਸਿੰਘਾਸਣ ਅਤੇ ਪਾਤਸ਼ਾਹ ਹਨ।

ਕਿੰਨੀਆਂ ਹੀ ਸੁਰਤਿ-ਅਭਿਆਸੀ (ਰੂਹਾਂ) ਹਨ, ਕਿੰਨੇ ਹੀ ਸੇਵਕ (ਸੁਰਤੀ-ਮਾਰਗ ਦੇ ਪਾਂਧੀ) ਹਨ। 'ਨਾਨਕ' (ਮੁਹਰ-ਛਾਪ)—(ਗਿਆਨ-ਖੰਡ ਦੇ ਵਰਤਾਰੇ ਦਾ) ਅੰਤ ਕੋਈ ਨਹੀਂ, ਹੱਦ-ਬੰਨਾ ਕੋਈ ਨਹੀਂ॥੩੫॥

ਗਿਆਨ-ਖੰਡ ਵਿਚ ਗਿਆਨ-ਉਜਿਆਰਾ ਹੀ ਪ੍ਰਬਲ ਤੇਜਵਾਨ ਹੁੰਦਾ ਹੈ।

(ਓਥੇ ਗਿਆਨ-ਖੰਡ ਵਿਚ) ਬਿਸਮ-ਬਿਨੋਦੀ ਨਾਦ-ਧੁਨੀਆਂ ਅਤੇ (ਸੁਰਤਿ-) ਤਮਾਸ਼ਿਆਂ ਦੇ ਅਦਭੁਤ ਕੌਤਕਾਂ ਦਾ ਅਨੰਦ ਹੁੰਦਾ ਹੈ।

---

੧੪. ਸੁਰਤਿ-ਅਭਿਆਸੀ ਰੂਹਾਂ। ੧੫. ਪ੍ਰਬਲ ਤੇਜਵਾਨ। ੧੬. ਸ਼ਬਦ-ਧੁਨਿ। ੧੭. ਬਿਸਮਾਦੀ। ੧੮. ਕੌਤਕ, ਤਮਾਸ਼ੇ।

ਸਰਮ ਖੰਡ ਕੀ ਬਾਣੀ[1] ਰੂਪੁ[2] ॥

ਤਿਥੈ ਘਾੜਤਿ ਘੜੀਐ[3] ਬਹੁਤੁ ਅਨੂਪੁ[4] ॥

ਤਾ ਕੀਆ ਗਲਾ ਕਥੀਆ[5] ਨ ਜਾਹਿ ॥

[ਤਾ—(ਪੜਨਾਂਵ) ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਤੋਂ ਬਿਨਾ। ਕੀਆ, ਗਲਾ, ਕਥੀਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ। ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।]

ਜੇ ਕੋ ਕਹੈ[6], ਪਿਛੈ ਪਛੁਤਾਇ ॥

ਤਿਥੈ ਘੜੀਐ, ਸੁਰਤਿ, ਮਤਿ, ਮਨਿ, ਬੁਧਿ ॥

ਤਿਥੈ ਘੜੀਐ [7]ਸੁਰਾ ਸਿਧਾ ਕੀ ਸੁਧਿ[8] ॥੩੬॥

(ਸੁਰਾ, ਸਿਧਾ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਕਰਮ ਖੰਡ ਕੀ ਬਾਣੀ[9] ਜੋਰੁ[10] ॥

ਤਿਥੈ[11] ਹੋਰੁ ਨ ਕੋਈ ਹੋਰੁ ॥

ਤਿਥੈ ਜੋਧ ਮਹਾ ਬਲ ਸੂਰ[12] ॥

ਤਿਨ ਮਹਿ ਰਾਮੁ ਰਹਿਆ ਭਰਪੂਰ[13] ॥

ਤਿਥੈ [14]ਸੀਤੋ ਸੀਤਾ ਮਹਿਮਾ[15] ਮਾਹਿ ॥

(ਮਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

---

੧. (ਦੇਵੀ) ਬਣਤਰ। ੨. ਨੂਰ। ੩. ਘੜਿਆ ਜਾਂਦਾ ਹੈ (ਘੜੀਅਹਿ—ਘੜੇ ਜਾਂਦੇ ਹਨ)। ੪. ਅਨੂਪਮ, ਬੇਮਿਸਾਲ। ੫. ਕਥਨ (ਬਿਆਨ) ਕੀਤੀਆਂ। ੬. ਆਖਦਾ ਹੈ, ਸ਼ੇਖ਼ੀ ਮਾਰਦਾ ਹੈ। ੭. ਦੈਵੀ ਗੁਣਾਂ ਸੰਪੰਨ ਸੁਰਾਂ ਅਤੇ ਦਿੱਬ-ਜੋਤਿ-ਪ੍ਰਕਾਸ਼ਨੀ ਨਾਮ-ਸਿਧੀ ਨੂੰ ਪ੍ਰਾਪਤ ਹੋਏ ਸਿਧਾਂ

ਸਰਮ-ਖੰਡ ਦੀ (ਦੈਵੀ) ਬਣਤਰ ਨਿਰਾ ਹੀ ਨੂਰ ਹੈ।

ਓਥੇ (ਸਰਮ-ਖੰਡ ਵਿਚ ਜੋ ਕੁਝ ਵੀ) ਘਾੜਤ ਵਿਚ ਘੜਿਆ ਜਾਂਦਾ ਹੈ, ਉਹ ਬਹੁਤ ਹੀ ਅਨੂਪਮ (ਬੇ-ਮਿਸਾਲ) ਹੁੰਦਾ ਹੈ।

ਉਸ (ਸਰਮ-ਖੰਡ) ਦੀਆਂ (ਅਦਭੁਤ) ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।

ਜੇ ਕੋਈ ਫੜ (ਸ਼ੇਖ਼ੀ) ਮਾਰਦਾ ਹੈ (ਕਿ ਉਹ ਸਰਮ-ਖੰਡ ਦੀਆਂ ਗੱਲਾਂ ਪੂਰੀ ਤਰ੍ਹਾਂ ਬਿਆਨ ਕਰਨ ਦੇ ਸਮਰੱਥ ਹੈ ਤਾਂ) ਅੰਤ ਨੂੰ (ਸ਼ਰਮਿੰਦਾ ਹੋ ਕੇ) ਪਛਤਾਉਂਦਾ ਹੈ (ਕਿਉਂਜੁ ਇਹ ਅਸੰਭਵ ਹੈ)।

ਓਥੇ (ਸਰਮ-ਖੰਡ ਵਿਚ ਅਭਿਆਸੀ ਜਨਾਂ ਦੀ) ਸੁਰਤਿ, ਮਤਿ, ਮਨੀਖਿਆ ਅਤੇ ਬੁਧਿ ਦੀ ਨੂਰੀ ਘਾੜਤ ਘੜੀ ਜਾਂਦੀ ਹੈ।

ਓਥੇ (ਸਰਮ-ਖੰਡ ਦੀ ਨੂਰੀ ਟਕਸਾਲ ਵਿਚ) ਦੈਵੀ-ਗੁਣ-ਸੰਪੰਨ ਸੁਰਾਂ ਅਤੇ ਦਿਬ-ਜੋਤਿ ਪ੍ਰਕਾਸ਼ਨੀ ਸਿਧੀ ਨੂੰ ਪ੍ਰਾਪਤ ਹੋਇਆਂ ਸਿਧਾਂ ਵਾਲੀ ਸੋਝੀ ਘੜੀ ਜਾਂਦੀ ਹੈ॥੩੬॥

ਕਰਮ-ਖੰਡ ਦੀ ਦੈਵੀ-ਬਣਤਰ (ਨਿਰੋਲ) ਆਤਮ-ਬਲ ਹੀ ਹੈ।

ਓਥੇ (ਆਤਮ-ਬਲ ਵਾਲਿਆਂ ਤੋਂ ਬਿਨਾ) ਹੋਰ ਕੋਈ ਦੂਜਾ ਹੈ ਹੀ ਨਹੀਂ।

ਓਥੇ (ਕਰਮ-ਖੰਡ ਵਿਚ ਆਤਮ-ਜੇਤੂ) ਜੋਧੇ, ਮਹਾਂਬਲੀ ਅਤੇ ਸੂਰਮੇ ਹੁੰਦੇ ਹਨ।

ਓਹਨਾਂ (ਦੇ ਨੂਰੀ ਜਾਮਿਆਂ) ਵਿਚ ਰਮਤ-ਰਾਮ ਹਲੂਲ (ਰਚਿਆ ਮਿਚਿਆ) ਹੋਇਆ ਹੁੰਦਾ ਹੈ।

ਓਥੇ (ਕਰਮ-ਖੰਡ ਦੇ ਵਾਸੀਆਂ ਦਾ ਉਨਮਨੀ ਮਨ) ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਸੀਤਾ-ਪ੍ਰੋਤਾ ਹੁੰਦਾ ਹੈ।

ਵਾਲੀ ਸੋਝੀ। ੮. ਸੋਝੀ। ੯. (ਦੈਵੀ) ਬਣਤਰ। ੧੦. ਆਤਮ-ਬਲ। ੧੧. ਉਥੇ (ਕਰਮ ਖੰਡ ਵਿਚ)। ੧੨. ਸੂਰਮੇ। ੧੩. ਹਲੂਲ, ਰਚਿਆ ਮਿਚਿਆ। ੧੪. ਸੀਤਾ-ਪ੍ਰੋਤਾ, ਪੂਰਨ ਤੌਰ 'ਤੇ ਜੁੜਿਆ ਹੋਇਆ। ੧੫. ਵਡਿਆਈ, ਸਿਫ਼ਤਿ-ਸਾਲਾਹ।

ਤਾ ਕੇ ਰੂਪ ਨ ਕਥਨੇ ਜਾਹਿ ॥

(ਤਾ—(ਪੜਨਾਂਵ) ਅੰਤਲੇ ਸੁਰ ਦਾ ਉਚਾਰਣ ਨਾਸਿਕਤਾ ਬਿਨਾ। ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।

ਨਾ ਓਹਿ ਮਰਹਿ, ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥

(ਮਰਹਿ, ਜਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)
(ਮਾਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਤਿਥੈ ਭਗਤ ਵਸਹਿ ਕੇ[1] ਲੋਅ[2] ॥

(ਵਸਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ। ਕੇ—'ਕੋਇ' ਦਾ ਸੰਖਿਪਤ ਰੂਪ।)

ਕਰਹਿ ਅਨੰਦੁ ਸਚਾ[3] ਮਨਿ ਸੋਇ ॥

(ਕਰਹਿ—ਅੰਤਲੇ 'ਹਿ' ਦਾ ਉਚਾਰਣ ਨਾਸਕੀ।)

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ [4]ਨਦਰਿ ਨਿਹਾਲ ॥

ਤਿਥੈ ਖੰਡ[5], ਮੰਡਲ[6], ਵਰਭੰਡ[7] ॥

ਜੇ ਕੋ ਕਥੈ, ਤ [8]ਅੰਤ ਨ ਅੰਤ ॥

ਤਿਥੈ [9]ਲੋਅ ਲੋਅ ਆਕਾਰ ॥

(ਲੋਅ ਲੋਅ—'ਅ' ਅੰਤਲੇ ਸੁਰ ਦੀ ਧੁਨੀ ਦੇ ਲਮਕਾਅ ਵਜੋਂ ਹੈ।)

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

---

੧. ਕਈ। ੨. ਲੋਕਾਂ (ਬ੍ਰਹਮੰਡਾਂ) ਦੇ। ੩. ਸਦਾ-ਥਿਰ ਪ੍ਰਭੂ। ੪. ਨਿਹਾਲ ਕਰ ਦੇਣ ਵਾਲੀ ਦ੍ਰਿਸ਼ਟੀ। ੫. ਬ੍ਰਹਮੰਡ ਦੇ ਵੱਖ ਵੱਖ ਹਿੱਸੇ। ੬. ਬ੍ਰਹਮੰਡ ਦੇ ਹਲਕੇ। ੭. ਬ੍ਰਹਮੰਡ। ੮. ਬੇਅੰਤਤਾ ਦੇ ਪਾਰਾਵਾਰ। ੯. ਕਈ ਦਿੱਬ-ਲੋਕ, ਮੰਡਲ।

ਉਨ੍ਹਾਂ ਦੇ (ਸਿਫ਼ਤੀ-ਰਤੇ) ਨੂਰੀ ਸਰੂਪ ਬਿਆਨ ਨਹੀਂ ਕੀਤੇ ਜਾ ਸਕਦੇ।

ਜਿਨ੍ਹਾਂ ਦੇ ਮਨ ਵਿਚ ਰਮਤ-ਰਾਮ ਵਸਿਆ ਹੁੰਦਾ ਹੈ, ਉਹ ਨਾ ਕਦੇ ਮਰਦੇ ਹਨ, ਨਾ ਠਗੇ ਜਾਂਦੇ ਹਨ।

ਓਥੇ (ਕਰਮ-ਖੰਡ ਵਿਚ) ਕਈ ਲੋਕਾਂ (ਬ੍ਰਹਮੰਡਾਂ) ਦੇ ਭਗਤ ਵਸਦੇ ਹਨ ਅਤੇ ਓਥੇ ਭਗਤਾਂ ਦੇ ਕਈ ਦਿਬ-ਲੋਕ ਵਸਦੇ ਹਨ।

ਮਨ ਵਿਚ ਸਦਾ-ਥਿਰ ਪ੍ਰਭੂ ਹੀ ਵਸਦਾ ਹੋਣ ਕਰਕੇ ਉਹ (ਪ੍ਰਭੂ-ਮਿਲਾਪ ਦਾ ਅੰਤਰ ਆਤਮੇ) ਅਨੰਦ ਮਾਣਦੇ ਰਹਿੰਦੇ ਹਨ।

ਸੱਚ-ਖੰਡ ਵਿਚ ਨਿਰੰਕਾਰ (ਅਕਾਰ ਰਹਿਤ ਵਾਹਿਗੁਰੂ) ਵਸਦਾ ਹੈ।

ਉਹ (ਨਿਰੰਕਾਰ ਆਪਣੇ ਸਚਿਆਰ ਭਗਤਾਂ ਉੱਤੇ) ਨਿਹਾਲਣੀ-ਦ੍ਰਿਸ਼ਟੀ ਕਰ ਕਰ ਕੇ ਵੇਖਦਾ ਹੈ।

ਓਥੇ (ਸੱਚ-ਖੰਡ ਵਿਚ) ਕਈ ਦਿਬ-ਸਰੂਪੀ ਖੰਡ, ਮੰਡਲ, ਬ੍ਰਹਮੰਡ (ਪ੍ਰਭੂ ਦੇ ਵੈਰਾਟ ਰੂਪ ਵਿਚ ਸਮਾਏ ਦਿਸਦੇ) ਹਨ।

ਜੇ ਕੋਈ (ਉਨ੍ਹਾਂ ਖੰਡਾਂ, ਮੰਡਲਾਂ, ਬ੍ਰਹਮੰਡਾਂ ਬਾਰੇ) ਕੁਝ ਬਿਆਨ ਕਰਨਾ ਚਾਹੇ ਤਾਂ ਇਨ੍ਹਾਂ ਦੇ ਅੰਤ (ਦੀ ਬੇਅੰਤਤਾ) ਦੇ ਹੱਦ-ਬੰਨੇ ਨਹੀਂ (ਲਭਦੇ)।

ਓਥੇ (ਸੱਚ-ਖੰਡ ਵਿਚ) ਕਈ ਦਿਬ-ਲੋਕ ਅਥਵਾ ਦਿਬ-ਆਕਾਰ (ਪਰਤੱਖ ਦਿਸਦੇ) ਹਨ।

ਜਿਵੇਂ ਜਿਵੇਂ (ਨਿਰੰਕਾਰ ਦਾ) ਹੁਕਮ ਹੁੰਦਾ ਹੈ, ਤਿਵੇਂ ਤਿਵੇਂ ਹੀ (ਹਰ ਪਾਸੇ) ਕਾਰ ਹੁੰਦੀ (ਦਿਸਦੀ) ਹੈ।

ਵੇਖੈ ਵਿਗਸੈ[1] ਕਰਿ ਵੀਚਾਰੁ ॥

ਨਾਨਕ ਕਥਨਾ[2] [3]ਕਰੜਾ ਸਾਰੁ ॥੩੭॥

ਜਤੁ[4] ਪਾਹਾਰਾ[5], ਧੀਰਜੁ ਸੁਨਿਆਰੁ ॥

ਅਹਰਣਿ ਮਤਿ, ਵੇਦੁ ਹਥੀਆਰੁ[6] ॥

(ਅਹਰਣਿ—'ਹ' ਦਾ ਉਚਾਰਣ 'ਹਿ' ਕਰਨਾ ਠੀਕ ਨਹੀਂ।)

ਭਉ[7] ਖਲਾ[8], ਅਗਨਿ [9]ਤਪ ਤਾਉ ॥

(ਖਲਾ—'ਲ' ਦੀ ਧੁਨੀ ਉਚਾਰਣ ਬਲ ਸਹਿਤ, 'ਖੱਲਾ' ਵਾਂਗ, ਅੰਤਲੇ ਕੰਨੇ ਦਾ ਉਚਾਰਣ ਨਾਸਿਕਤਾ ਬਗੈਰ। ਤਪ-ਤਾਉ—ਇਹ ਸਮਾਸੀ ਸ਼ਬਦ ਹੈ।)

ਭਾਂਡਾ ਭਾਉ[10], ਅੰਮ੍ਰਿਤੁ ਤਿਤੁ ਢਾਲਿ[11] ॥

ਘੜੀਐ ਸਬਦੁ ਸਚੀ ਟਕਸਾਲ[12] ॥

ਜਿਨ ਕਉ ਨਦਰਿ[13] ਕਰਮੁ[14] ਤਿਨ ਕਾਰ ॥

ਨਾਨਕ ਨਦਰੀ[15] ਨਦਰਿ ਨਿਹਾਲ ॥੩੮॥

(ਨਦਰੀ—ਅੰਤਲੀ 'ੀ' ਦਾ ਉਚਾਰਣ ਨਾਸਿਕਤਾ ਬਿਨਾ।)

---

੧. ਖਿੜਦਾ, ਪ੍ਰਸੰਨ ਹੁੰਦਾ। ੨. ਬਿਆਨ ਕਰਨਾ। ੩. ਲੋਹੇ ਸਮਾਨ ਕਰੜਾ (ਕਠਿਨ)। ੪. ਬ੍ਰਹਮਚਰਜ, ਸੁੱਚਾ ਆਚਰਣ। ੫. ਭੱਠੀ। ੬. ਸੰਦ। ੭. ਰੱਬੀ ਡਰ। ੮. ਧੌਂਕਣੀ।

(ਨਿਰੰਕਾਰ ਪ੍ਰਭੂ ਆਪਣੀ ਰਚੀ ਕੁਦਰਤ-ਰਚਨਾ ਦੇ ਪਸਾਰੇ ਅਤੇ ਵਰਤਾਰੇ ਨੂੰ) ਵੇਖਦਾ ਹੈ ਅਤੇ ਵੀਚਾਰ ਕਰ ਕਰ ਕੇ ਵਿਗਸਦਾ ਹੈ। (ਇਸ ਦੇ ਨਾਲ ਹੀ ਸੱਚ-ਖੰਡ ਵਿਚ ਪੁੱਗ ਖਲੋਤਾ ਸਚਿਆਰ ਜੀਵ ਵੀ ਉਸ ਬਿਸਮ-ਬਿਨੋਦੀ ਨਜ਼ਾਰੇ ਨੂੰ ਵੇਖਦਾ ਅਤੇ ਵਿਚਾਰ ਕਰ ਕਰ ਕੇ ਵਿਗਸਦਾ ਹੈ)।

'ਨਾਨਕ' (ਮੁਹਰ-ਛਾਪ)—(ਇਹ ਅਨੰਦ ਮਾਣਿਆ ਹੀ ਜਾ ਸਕਦਾ ਹੈ) ਇਸ ਦਾ ਬਿਆਨ ਕਰ ਸਕਣਾ ਲੋਹੇ ਸਮਾਨ ਕਰੜਾ (ਅਤਿ ਕਠਿਨ ਅਤੇ ਅਸੰਭਵ) ਹੈ॥੩੭॥

(ਜੇ) ਜਤ (ਸੁੱਚੇ ਆਚਰਣ) ਨੂੰ ਭੱਠੀ, ਧੀਰਜ (ਸਹਿਨਸ਼ੀਲਤਾ ਵਾਲੇ ਸੁਭਾਅ) ਨੂੰ ਸੁਨਿਆਰਾ (ਸੋਨਾ ਘੜਨ ਵਾਲਾ);

ਮਤਿ ਨੂੰ ਅਹਰਣਿ (ਲੋਹੇ ਦਾ ਚੌੜੇ ਆਕਾਰ ਦਾ ਢੇਲਾ, ਜਿਸ ਉੱਤੇ ਰਖ ਕੇ ਗਹਿਣਾ ਆਦਿ ਘੜਿਆ ਜਾਂਦਾ ਹੈ), ਅਤੇ ਵੇਦ (ਗੁਰੂ-ਗਿਆਨ) ਨੂੰ ਗਹਿਣਾ ਘੜਨ ਵਾਲਾ ਸੰਦ (ਬਣਾਇਆ ਜਾਵੇ)।

ਰੱਬੀ ਡਰ ਨੂੰ ਧੌਂਕਣੀ, ਕਰੜੀ ਤਪੱਸਿਆ (ਘਾਲਣਾ) ਨੂੰ ਅਗਨੀ;

SIKHBOOKCLUB.COM

ਪ੍ਰੇਮ ਨੂੰ ਭਾਂਡਾ (ਕੁਠਾਲੀ ਬਣਾ ਕੇ) ਉਸ ਵਿਚ ਅੰਮ੍ਰਿਤ (ਨਾਮ) ਪਾਇਆ ਜਾਵੇ।

(ਜੀਵ ਨੂੰ ਸਚਿਆਰ ਬਣਾਉਣ ਲਈ ਉਪਰੋਕਤ) ਸੱਚੀ ਟਕਸਾਲ ਵਿਚ (ਉਸਦਾ) ਸ਼ਬਦ (ਸੰਕਲਪ ਕਰਨ ਵਾਲਾ ਮਨ) ਘੜਿਆ ਜਾਂਦਾ ਹੈ।

ਇਹ (ਧਰਮੀ-ਜੀਵਨ ਦੀ ਘਾੜਤ ਘੜਨ ਵਾਲੀ) ਜੀਵਨ-ਕਾਰ ਉਨ੍ਹਾਂ ਦੀ ਹੁੰਦੀ ਹੈ, ਜਿਨ੍ਹਾਂ ਨੂੰ (ਸੱਚੇ ਪ੍ਰਭੂ ਦੀ) ਕਿਰਪਾ-ਦ੍ਰਿਸ਼ਟੀ ਅਤੇ ਉਸ ਦਾ ਪ੍ਰਸਾਦ ਪ੍ਰਾਪਤ ਹੁੰਦਾ ਹੈ।

'ਨਾਨਕ' (ਮੁਹਰ-ਛਾਪ)—ਮਿਹਰ ਦੀ ਨਦਰਿ ਵਾਲੇ ਨਦਰਾਲੂ ਪ੍ਰਭੂ ਦੀ ਅੰਮ੍ਰਿਤ-ਦ੍ਰਿਸ਼ਟੀ ਦੁਆਰਾ (ਸਚਿਆਰ ਜੀਵ) ਨਿਹਾਲ (ਹੋ ਜਾਂਦੇ ਹਨ)॥੩੮॥

---

੯. ਤਪ ਤਾਉਣਾ, ਕਰੜੀ ਘਾਲਣਾ। ੧੦. ਪ੍ਰੇਮ। ੧੧. ਪਾਇਆ ਜਾਵੇ। ੧੨. ਪ੍ਰਵਾਣਿਤ ਸਿੱਕਾ ਘੜੇ ਜਾਣ ਦੀ ਥਾਂ। ੧੩. ਅੰਮ੍ਰਿਤ-ਦ੍ਰਿਸ਼ਟੀ। ੧੪. ਫ਼ਜ਼ਲ, ਪ੍ਰਸਾਦ। ੧੫. ਨਦਰਾਲੂ ਵਾਹਿਗੁਰੂ।

ਸਲੋਕੁ ॥

ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ[1] ॥

(ਮਹਤੁ—'ਤ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।)

ਦਿਵਸੁ ਰਾਤਿ ਦੁਇ, ਦਾਈ[2] ਦਾਇਆ[3], ਖੇਲੈ ਸਗਲ ਜਗਤੁ ॥

ਚੰਗਿਆਈਆ ਬੁਰਿਆਈਆ ਵਾਚੈ[4] ਧਰਮੁ[5] ਹਦੂਰਿ[6] ॥

(ਚੰਗਿਆਈਆ, ਬੁਰਿਆਈਆ—ਅੰਤਲੇ ਸੁਰਾਂ ਦਾ ਉਚਾਰਣ ਨਾਸਕੀ।)

ਕਰਮੀ[7] ਆਪੋ ਆਪਣੀ, ਕੇ[8] ਨੇੜੈ ਕੇ ਦੂਰਿ ॥

ਜਿਨੀ ਨਾਮੁ ਧਿਆਇਆ, ਗਏ ਮਸਕਤਿ[9] ਘਾਲਿ ॥

(ਜਿਨੀ—'ਨ' ਦਾ ਉਚਾਰਣ ਭਾਰ ਸਹਿਤ, ਅੰਤਲਾ ਸੁਰ ਨਾਸਕੀ। ਮਸਕਤਿ—'ਕ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ, 'ਸ' ਦਾ ਉਚਾਰਣ ਵਿਸ਼ੇਸ਼ ਧੁਨੀ।)

SIKHBOOKCLUB.COM

ਨਾਨਕ, ਤੇ[10] ਮੁਖ ਉਜਲੇ, ਕੇਤੀ[11] ਛੁਟੀ ਨਾਲਿ ॥੧॥

(ਮੁਖ ਉਜਲੇ—ਸਮਾਸੀ ਸ਼ਬਦ ਹੈ।)

---

੧. ਮਹੱਤਵ-ਪੂਰਣ। ੨. ਖਿਡਾਵੀ। ੩. ਖਿਡਾਵਾ। ੪. ਵੀਚਾਰ ਕਰਦਾ ਹੈ। ੫. ਧਰਮ-ਰਾਜ। ੬. ਹਜ਼ੂਰੀ ਵਿਚ। ੭. ਕਰਣੀ। ੮. ਕਈ ਜੀਵ। ੯. ਕਰੜੀ ਘਾਲਣਾ। ੧੦. ਉਹ (ਬਹੁ-ਵਚਨ)। ੧੧. ਕਿੰਨੀ ਹੀ (ਲੋਕਾਈ)।

ਮਾਤ੍ਰਿਕ ਛੰਦ ਦੀ ਇਕ ਕਿਸਮ।

(ਜਿਵੇਂ ਸਰੀਰ ਲਈ) ਪਵਣ (ਪ੍ਰਾਣ) ਗੁਰੂ (ਗੌਰਵ-ਮਈ) ਹੈ, ਪਾਣੀ ਪਿਤਾ (ਸਮਾਨ) ਅਤੇ ਧਰਤੀ ਮਾਤਾ (ਸਮਾਨ) ਮਹੱਤਵਪੂਰਣ ਹੈ*, ਤਿਵੇਂ ਹੀ ਆਤਮਾ ਲਈ ਗੁਰ-ਸ਼ਬਦ ਗੁਰੂ ਹੈ, ਪਾਣੀ (ਨਾਮ-ਜਲ) ਪਵਿੱਤਰ ਕਰਨ ਅਤੇ ਧਰਤੀ (ਧੀਰਜ ਅਤੇ ਨਿਮ੍ਰਤਾ ਵਜੋਂ) ਮਹੱਤਵਪੂਰਣ ਹੈ।

ਦਿਨ ਅਤੇ ਰਾਤ ਦੋਵੇਂ ਦਾਇਆ ਅਤੇ ਦਾਈ ਸਮਾਨ ਹਨ (ਜਿਨ੍ਹਾਂ ਦੀ ਗੋਦ ਵਿਚ) ਸਾਰਾ ਸੰਸਾਰ (ਜੀਵਨ-ਖੇਡ) ਖੇਡ ਰਿਹਾ ਹੈ।

ਧਰਮ-ਰਾਜਾ (ਸਭਨਾਂ ਜੀਵਾਂ ਦੀਆਂ) ਚੰਗੀਆਂ ਤੇ ਮੰਦੀਆਂ ਕਰਣੀਆਂ ਦਾ ਧਰਮ-ਵੀਚਾਰ ਰੱਬੀ ਹਜ਼ੂਰੀ ਵਿਚ ਕਰਦਾ ਹੈ।

ਆਪੋ ਆਪਣੀ ਕਰਣੀ ਮੁਤਾਬਕ ਕਈ (ਜੀਵ ਪ੍ਰਭੂ ਦੇ) ਨੇੜੇ ਹੋ ਜਾਂਦੇ ਹਨ ਅਤੇ ਕਈ (ਵਿਛੜ ਕੇ) ਦੂਰ (ਜੂਨਾਂ ਦੇ ਚੱਕਰ ਵਿਚ) ਜਾ ਪੈਂਦੇ ਹਨ।

ਜਿਨ੍ਹਾਂ (ਜੀਵਾਂ) ਨੇ (ਜੀਵਨ ਵਿਚ) ਨਾਮ ਧਿਆਇਆ, ਉਹ (ਸਹੀ ਅਰਥਾਂ ਵਿਚ) ਘਾਲਣਾ ਘਾਲ ਗਏ।

'ਨਾਨਕ' (ਮੁਹਰ-ਛਾਪ)—ਉਹ ਖ਼ੁਦ (ਪ੍ਰਭੂ ਦੀ ਦਰਗਾਹ) ਵਿਚ ਸੁਰਖ਼ਰੂ ਹੋ ਗਏ ਅਤੇ ਕਿੰਨੀ ਹੀ (ਲੋਕਾਈ ਉਨ੍ਹਾਂ ਦੇ ਤੁਫ਼ੈਲ ਜਨਮ-ਮਰਨ ਦੇ ਗੇੜ ਤੋਂ) ਛੁਟਕਾਰਾ ਪਾ ਗਈ॥੧॥

---

*ਪਉਨ ਗੁਰੂ ਗੁਰ ਸਬਦੁ ਹੈ ਵਾਹਿਗੁਰੂ ਗੁਰ ਸਬਦੁ ਸੁਣਾਇਆ॥
ਪਾਣੀ ਪਿਤਾ ਪਵਿਤ੍ਰ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ॥
ਧਰਤੀ ਮਾਤ ਮਹਤ ਕਰ, ਓਤ ਪੋਤ ਸੰਜੋਗ ਬਣਾਇਆ॥
(ਭਾਈ ਗੁਰਦਾਸ ਜੀ, ਵਾਰ ੬, ਪਉੜੀ ੫)